ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

# ਸਾਂਝੀ ਸੋਚ
SANJHI SOCH
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2410 | 21 March, 2026 Saturday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260


## ਭਾਰਤੀ ਰੁਪਿਆ ਰਿਕਾਰਡ ਹੇਠਲੇ ਪੱਧਰ 'ਤੇ ਡਾਲਰ ਦੇ ਮੁਕਾਬਲੇ ਕੀਮਤ 93.12 ਤੱਕ ਡਿੱਗੀ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਪੱਛਮੀ ਏਸ਼ੀਆ ਵਿਚ ਵਧਦੇ ਸੰਘਰਸ਼ ਅਤੇ ਵਿਸ਼ਵਵਿਆਪੀ ਸਪਲਾਈ ਚੇਨ ਵਿਚ ਵਿਘਨ ਕਾਰਨ 20 ਮਾਰਚ ਨੂੰ ਭਾਰਤੀ ਰੁਪਿਆ ਅਮਰੀਕੀ ਡਾਲਰ ਦੇ ਮੁਕਾਬਲੇ 93.12 ਦੇ ਰਿਕਾਰਡ ਹੇਠਲੇ ਪੱਧਰ 'ਤੇ ਆ ਗਿਆ ਹੈ।

ਰੁਪਿਆ 0.55 ਫੀਸਦੀ ਡਿੱਗ ਕੇ 93.12 'ਤੇ ਪਹੁੰਚ ਗਿਆ, ਜਿਸ ਨੇ 18 ਮਾਰਚ ਦੇ 92.63 ਦੇ ਪਿਛਲੇ ਹੇਠਲੇ ਪੱਧਰ ਨੂੰ ਵੀ ਪਾਰ ਕਰ ਦਿੱਤਾ ਹੈ। ਜਦੋਂ ਤੋਂ ਪੱਛਮੀ ਏਸ਼ੀਆ ਵਿਚ ਤਣਾਅ ਸ਼ੁਰੂ ਹੋਇਆ ਹੈ, ਰੁਪਏ ਦੀ ਕੀਮਤ ਵਿਚ ਲਗਭਗ 2 ਫੀਸਦੀ ਦੀ ਗਿਰਾਵਟ ਆ ਚੁੱਕੀ ਹੈ।

'ਐਨਰਿਚ ਮਨੀ' ਦੇ ਸੀ.ਈ.ਓ. ਪੋਨਮੁਡੀ ਆਰ. ਅਨੁਸਾਰ, ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ ਕਾਰਨ ਰੁਪਏ 'ਤੇ ਦਬਾਅ ਬਣਿਆ ਹੋਇਆ ਹੈ। ਜੇਕਰ ਇਹ 93.00 ਤੋਂ ਉੱਪਰ ਬਣਿਆ ਰਹਿੰਦਾ ਹੈ, ਤਾਂ ਇਹ 93.20–93.40 ਦੇ ਪੱਧਰ ਤੱਕ ਜਾ ਸਕਦਾ ਹੈ। ਰੁਪਏ ਦੀ ਗਿਰਾਵਟ ਦੇ ਬਾਵਜੂਦ ਭਾਰਤੀ ਸ਼ੇਅਰ ਬਾਜ਼ਾਰ ਵਿਚ ਤੇਜ਼ੀ ਦੇਖੀ ਗਈ। ਸੈਂਸੈਕਸ 900 ਅੰਕ (ਲਗਭਗ 1%) ਅਤੇ ਨਿਫਟੀ 300 ਅੰਕ (1.35%) ਵਧਿਆ। ਐਕਸਚੇਂਜ ਅੰਕੜਿਆਂ ਅਨੁਸਾਰ, ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ (ਐੱਫ.ਆਈ.ਆਈਜ਼) ਨੇ 19 ਮਾਰਚ ਨੂੰ 7,558.19 ਕਰੋੜ ਰੁਪਏ ਦੇ ਸ਼ੇਅਰ ਵੇਚੇ। ਵਿਸ਼ਵ ਪੱਧਰ 'ਤੇ ਤੇਲ ਦੀਆਂ ਕੀਮਤਾਂ ਵਿਚ ਕੁਝ ਨਰਮੀ ਆਈ ਹੈ ਕਿਉਂਕਿ ਅਮਰੀਕਾ ਨੇ ਈਰਾਨੀ ਤੇਲ 'ਤੇ ਪਾਬੰਦੀਆਂ ਹਟਾਉਣ ਦੇ ਸੰਕੇਤ ਦਿੱਤੇ ਹਨ। ਬ੍ਰੈਂਟ ਕਰੂਡ 3.39 ਫੀਸਦੀ ਡਿੱਗ ਕੇ 104.96 ਡਾਲਰ ਪ੍ਰਤੀ ਬੈਰਲ 'ਤੇ ਆ ਗਿਆ। ਡਬਲਯੂ.ਟੀ.ਆਈ. ਕਰੂਡ 3.22 ਫੀਸਦੀ ਡਿੱਗ ਕੇ 92.47 ਡਾਲਰ 'ਤੇ ਆ ਗਿਆ।



ਅਮਰੀਕੀ ਖਜ਼ਾਨਾ ਸਕੱਤਰ ਸਕੌਟ ਬੇਸੈਂਟ ਨੇ ਸੰਕੇਤ ਦਿੱਤਾ ਹੈ ਕਿ ਵਿਸ਼ਵਵਿਆਪੀ ਕੀਮਤਾਂ ਨੂੰ ਘਟਾਉਣ ਲਈ ਸਮੁੰਦਰ ਵਿਚ ਮੌਜੂਦ ਈਰਾਨੀ ਤੇਲ 'ਤੇ ਪਾਬੰਦੀਆਂ ਹਟਾਈਆਂ ਜਾ ਸਕਦੀਆਂ ਹਨ। ਹਾਲਾਂਕਿ, ਪਿਛਲੇ 21 ਦਿਨਾਂ ਵਿਚ ਭੂ-ਸਿਆਸੀ ਤਣਾਅ ਕਾਰਨ ਤੇਲ ਦੀਆਂ ਕੀਮਤਾਂ ਵਿਚ ਭਾਰੀ ਉਛਾਲ ਆਇਆ ਹੈ। 2 ਮਾਰਚ ਨੂੰ ਜੋ ਬ੍ਰੈਂਟ ਕਰੂਡ 77.74 ਡਾਲਰ ਸੀ, ਉਹ 19 ਮਾਰਚ ਤੱਕ 40 ਫੀਸਦੀ ਵਧ ਕੇ 108.65 ਡਾਲਰ ਤੱਕ ਪਹੁੰਚ ਗਿਆ ਸੀ।


Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ®
Contact : Cell (209) 550-1704
220 - A Standiford Ave, Modesto, CA 95350, kkaur@mycvre.com

Space availabe for Ad
Contact # +1 (209) 303-1260

Law Offices of Ashwani K.Bhakhri
1299 Bayshore Hwy Suite 208 Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact # +1 (209) 303-1260

Space available for Ad
Contact # +1 (209) 303-1260

Mann & Associates Insurance Services, Inc.
Medicare Supplement Plans
Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ
ਹੈਲਥ ਇੰਸ਼ੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸ਼ੋਰੈਂਸ ਦਾ ਲੰਬੇ ਸਮੇਂ ਦਾ ਤਜਰਬਾ ਹੈ।
Inderjeet Singh Mann
CA Lic# 0H82488
Anthem
Certified Insurance Agent
Ph.: (916) 900-2000

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties

For more properties or business, contact us.






**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ **Pre-Approvals** ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**


OPEN
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH
www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI
SUB EDITOR (CHICAGO, IL OFFICE)
LOVJYOT VIRDI
GENERAL MANAGER
RAVINDER SINGH DHILLON
RESIDENT EDITOR (INDIA)
DR. RAJINDER RIKHI

DISCLAIMER
ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਅੰਨ੍ਹੀ ਸ਼ਰਧਾ ਤੇ ਸਿੱਖ ਧਰਮ



ਸਾਂਝੀ ਸੋਚ
ਗੁਰਚਰਨ ਸਿੰਘ ਜਿਉਣਵਾਲਾ
ਕਨੇਡਾ
647-966-3132

ਸਤਿਕਾਰ ਯੋਗਿ ਸੰਪਾਦਕ ਜੀਓ,

ਸਤਿ ਸ੍ਰੀ ਅਕਾਲ ਬੁਲਾਈ ਪ੍ਰੀਵਾਨ ਹੋਵੇ। ਇਸ ਤੋਂ ਪਹਿਲਾਂ ਕਿ ਮੈਂ,"ਲੋਕਾਂ ਦੀ ਸ਼ਰਧਾ ਨਾ ਘਟਾਓ" ਦਾ ਜਵਾਬ ਦੇਵਾਂ, ਤੁਹਾਡੇ ਸੰਪਾਦਕੀ ਲੇਖ ਦੀ ਤੁਹਾਨੂੰ ਵਧਾਈ ਦੇਣੀ ਚਾਹੁੰਦਾ ਹਾਂ। ਅੱਜ ਕੱਲ੍ਹ ਹਰ ਕੋਈ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਦੇ ਕਥਨ ਮੁਤਾਬਕ,"ਦੀਵਾ ਬਲੈ ਅੰਧੇਰਾ ਜਾਇ" ਹੀ ਸਮਝ ਰਿਹਾ ਹੈ। ਜਿਨ੍ਹਾਂ ਨੂੰ ਤੁਸੀਂ ਅਪਾਹਜ ਸੋਚ ਵਾਲੇ ਕਹਿ ਰਹੇ ਹੋ ਜਦੋਂ ਉਹ ਲੋਕ ਸਿਖਸ਼ਾ ਦੇ ਦਾਇਰੇ ਅੰਦਰ ਸਨ ਤਾਂ ਆਪ ਅਖੀਰਲੇ ਵਿਦਿਆਰਥੀਆਂ ਦੀ ਕਤਾਰ ਵਿੱਚ ਹੁੰਦੇ ਸਨ। ਅਕਾਲ ਤਖਤ ਸਾਹਿਬ ਦੇ ਜੱਥੇਦਾਰ ਵੀ ਉਨ੍ਹਾਂ ਦੇ ਹੀ ਗੁਰਭਾਈ ਹਨ। ਸ੍ਰ. ਮੰਗਲ ਸਿੰਘ ਜੀ ਅਨੰਦ ਸਾਹਿਬ ਵਿੱਚ ਗੁਰੂ ਅਮਰਦਾਸ ਜੀ ਫੁਰਾਉਂਦੇ ਹਨ:

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ॥ ਪੰਨਾ 920, ਮ:3 ॥

ਸਤਿਗੁਰਾਂ ਦਾ ਫੁਰਮਾਨ ਹੈ ਕਿ ਗੁਰੂਬਾਣੀ ਤੋਂ ਬਗੈਰ ਹੋਰ ਸਭ ਕੱਚੀ ਬਾਣੀ ਹੈ। ਗੁਰੂ ਜੀ ਸਾਨੂੰ ਕੱਚੀ ਬਾਣੀ ਦਾ ਗਾਇਨ ਕਰਨ ਤੋਂ ਹੀ ਨਹੀਂ ਵਰਜ ਰਹੇ ਸਗੋਂ ਉੱਸਨੂੰ ਸੁਣਨ ਤੋਂ ਵੀ ਵਰਜ ਰਹੇ ਹਨ। ਕੱਚੀਆਂ ਗੱਲਾਂ ਸੁਣਨ ਵਾਲੇ ਵੀ ਕੱਚੇ ਹੀ ਹੁੰਦੇ ਹਨ। ਇਸ ਕਰਕੇ ਤੁਸੀਂ ਜ਼ਰਾ ਧਿਆਨ ਨਾਲ ਅਨੰਦ ਸਾਹਿਬ ਨੂੰ ਪੜ੍ਹੋ, ਤੁਸੀਂ ਆਪਣੇ ਆਪ ਗੁਰੂ ਨਾਨਕ ਸਾਹਿਬ ਦੇ ਦੱਸੇ ਰਸਤੇ ਤੇ ਚੱਲ ਪਵੋਗੇ। ਤੁਹਾਡੇ ਸਾਰੇ ਸ਼ੰਕੇ ਆਪਣੇ ਆਪ ਦੂਰ ਹੋ ਜਾਣਗੇ।

ਗੁਰੂ ਜੀ ਸਿੱਖਾਂ ਨੂੰ ਵੀਚਾਰਵਾਨ ਸਿੱਖ ਵੇਖਣਾ ਚਾਹੁੰਦੇ ਹਨ। ਅੰਧੀ ਸ਼ਰਧਾ ਨੂੰ ਸਿੱਖ ਧਰਮ ਵਿੱਚ ਕੋਈ ਥਾਂ ਨਹੀਂ। 'ਅੰਧੀ ਰਯਿਤ ਗਿਆਨ ਵਿਹੂਣੀ' ਤਾਂ ਸਦੀਆਂ ਤੋਂ ਲੁਟੀਂਦੀ ਆ ਰਹੀ ਹੈ। ਗੁਰੂ ਨਾਨਕ ਦੇਵ ਜੀ ਦਾ ਇਹ ਪੰਥ ਨਹੀਂ ਕਿ ਤੁਸੀਂ ਲੁਟੀਂਦੇ ਜਾਓ ਅਤੇ ਸਿਰਫ ਵਾਹਿ ਗੁਰੂ ਵਾਹਿ ਗੁਰੂ ਕਰੀ ਜਾਓ। ਉਨ੍ਹਾਂ ਦਾ ਮਾਰਗ ਤਾਂ ਇਹ ਕਹਿੰਦਾ ਹੈ ਕਿ ਭਾਈ ਜੇ ਤੈਨੂੰ ਇਸ ਰਸਤੇ ਤੇ ਚੱਲਣ ਦਾ ਚਾਉ ਹੈ ਤਾਂ ਜੇ ਕਿਤੇ ਸੀਸ ਦੀ ਵੀ ਲੋੜ ਪੈ ਜਾਵੇ ਤਾਂ ਘਬਰਾਈਂ ਨਾ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥ 20॥ ਪੰਨਾ 1412, ਮ: 1 ॥

ਸਿਰ ਦੇਣ ਦਾ ਮਤਲਬ ਇਹ ਵੀ ਹੁੰਦਾ ਹੈ ਕਿ ਆਪਣੀ ਮਤਿ ਗੁਰੂ ਨੂੰ ਦੇ ਦਿਓ ਤੇ ਗੁਰੂ ਦੀ ਮਤਿ ਗ੍ਰਿਹਣ ਕਰ ਲਓ।

ਜੇ ਤੁਸੀਂ ਅੱਜ ਫਿਰ ਜਗਾਧਰੀ ਵਾਲੇ ਹਰਬੰਸ ਸਿੰਘ ਤੇ ਬਲਵਿੰਦਰ ਸਿੰਘ ਰੰਗੀਲਾ ਜੀ ਦੀ ਗੱਲ ਕਰਦੇ ਹੋ ਤਾਂ ਗੁਰੂ ਨਾਨਕ ਸਾਹਿਬ ਪਉਣ-ਅਹਾਰੀ ਮੰਨਦੇ ਹਨ, ਉਨ੍ਹਾਂ ਦੀ ਇਹ ਦਲੀਲ ਗੁਰਬਾਣੀ ਦੀ ਕਸਵੱਟੀ ਤੇ ਪੂਰੀ ਨਹਿਂ ਉੱਤਰਦੀ। ਜਿਵੇਂ;

ਅੰਨੁ ਨ ਖਾਹਿ ਦੇਹੀ ਦੁਖੁ ਦੀਜੈ॥
ਅੰਨੁ ਨ ਖਾਇਆ ਸਾਦੁ ਗਵਾਇਆ ॥

ਗੁਰਬਾਣੀ ਪੁਕਾਰ ਪੁਕਾਰ ਕੇ ਆਖ ਰਹੀ ਹੈ। ਸਿਰਫ ਬਾਣੀ ਪੜ੍ਹਨਾ ਹੀ ਸਿੱਖ ਦਾ ਕੰਮ ਨਹੀਂ ਇਸ ਨੂੰ ਵੀਚਾਰਨਾ ਤੇ ਜ਼ਿਦਗੀ ਵਿੱਚ ਲਾਗੂ ਕਰਨਾ ਵੀ ਸਿੱਖ ਦਾ ਕੰਮ ਹੈ। ਇਸ ਦੀ ਘਾਟ ਕਰਕੇ ਹੀ ਸਿੱਖ ਅਪਾਹਜ਼ ਸੋਚ ਵਾਲੇ ਬਣਦੇ ਜਾ ਰਹੇ ਹਨ ਤੇ ਇਨ੍ਹਾਂ ਨੂੰ ਲੋਟੂ ਜਮਾਤ ਦੇ ਬੱਦਲ, ਜਿਹੜੇ ਇਨ੍ਹਾਂ ਦੇ ਸਿਰਾਂ ਤੇ ਹਰ ਵਕਤ ਮੰਡਲਾਉਂਦੇ ਰਹਿੰਦੇ ਹਨ ਝੱਟ ਇਨ੍ਹਾਂ ਦੀਆਂ ਜੇਬਾਂ ਨੂੰ ਸਾਫ ਕਰਕੇ ਆਪਣੇ ਨਾਲ ਲੈ ਜਾਂਦੇ ਹਨ। ਪਰ ਸਿੱਖ ਵੀਚਾਰੇ ਇਸ ਵਿੱਚ ਹੀ ਸੇਵਾ ਸਮਝਦੇ ਹਨ।

ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥
ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥
ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥ ਸਹੁ ਵੇ ਜੀਆ ਅਪਣਾ ਕੀਆ ॥
ਅੰਨੁ ਨ ਖਾਇਆ ਸਾਦੁ ਗਵਾਇਆ ॥ ਬਹੁ ਦੁਖੁ ਪਾਇਆ ਦੂਜਾ ਭਾਇਆ ॥
ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥
ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥ ਪੰਨਾ 467, ਮ:1 ॥
ਅੰਨੁ ਨ ਖਾਹਿ ਦੇਹੀ ਦੁਖੁ ਦੀਜੈ॥
ਬਿਨੁ ਗੁਰ ਗਿਆਨ ਤ੍ਰਿਪਤਿ ਨਹੀਂ ਥੀਜੈ॥ ਪੰਨਾ 905, ਮ: 1 ॥

ਇਹ ਉਪਦੇਸ਼ ਸਿਰਫ ਸਾਡੇ ਵਾਸਤੇ ਹੀ ਨਹੀਂ ਬਲਕਿ ਗੁਰੂ ਜੀ ਨੇ ਆਪ ਵੀ ਇਸ ਗੱਲ ਤੇ ਪਹਿਰਾ ਦਿੱਤਾ ਹੈ।

ਬਾਕੀ ਬਲਵਿੰਦਰ ਸਿੰਘ ਰੰਗੀਲਾ ਜੀ ਤਾਂ ਇਹ ਵੀ ਆਖ ਰਹੇ ਹਨ ਕਿ ਇੱਕ ਗਵਾਲਣ ਨੇ ਨਿਸਚੇ ਨਾਲ ਨਦੀ ਕਿਨਾਰੇ ਖੜ੍ਹ ਕੇ, ਰਾਮ ਰਾਮ ਕਹਿਆ,ਤੇ ਅਰਾਮ ਨਾਲ ਪਾਣੀ ਤੇ ਤੁਰ ਕੇ ਯਾ ਚੜ੍ਹ ਕੇ ਨਦੀ ਪਾਰ ਕਰ ਗਈ ਤਾਂ ਮੇਰਾ ਸਵਾਲ ਹੈ ਕਿ ਕੀ ਗੁਰੂ ਗੋਬਿੰਦ ਸਿੰਘ ਜੀ ਨੂੰ ਇੱਕ ਸਾਧਾਰਣ ਗਵਾਲਣ ਨਾਲੋਂ ਵੀ ਘੱਟ ਵਿਸਵਾਸ਼ ਸੀ ਰਾਮ ਰਾਮ ਕਹਿਣ ਤੇ? ਹੁਣ ਆਪਾਂ ਅਨੰਦ ਪੁਰ ਸਾਹਿਬ ਦੇ ਛੱਡਣ ਵੇਲੇ ਦੀ ਉਦਾਹਰਣ ਲੈਂਦੇ ਹਾਂ। ਸਰਸਾ ਦਾ ਪਾਣੀ ਠਾਠਾਂ ਮਾਰ ਰਿਹਾ ਹੈ।

ਆਪਣੀ ਮਾਤਾ ਜੀ, ਚਾਰੋ ਸਾਹਿਬਜ਼ਾਦੇ, ਆਪਣੇ ਮਹਿਲ ਤੇ ਜਾਨ ਤੋਂ ਵੀ ਵੱਧ ਪਿਆਰੇ ਸਿੱਖ ਨਦੀ ਦੇ ਕਿਨਾਰੇ ਖੜੇ ਹਨ। ਕਿਸੇ ਦਾ ਕੋਈ ਪਤਾ ਨਹੀਂ ਕਿ ਕੋਈ ਪਾਰ ਲੱਗੇ ਯਾ ਨਾ। ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਹਾਲਤ ਵਿੱਚ ਵੀ ਰਾਮ ਰਾਮ ਕਹਿ ਕੇ ਪਾਣੀ ਤੇ ਤੁਰਨ ਦਾ ਚੇਤਾ ਨਹੀਂ ਆਇਆ? ਗੁਰੂ ਸਾਹਿਬਾਨ ਨੂੰ ਤਾਂ ਮੈਂ ਗਲਤ ਨਹੀਂ ਕਹਿ ਸਕਦਾ ਇਸ ਕਰਕੇ ਗਵਾਲਣ ਵਾਲੀ ਕਹਾਣੀ ਹੀ ਗਲਤ ਹੋ ਸਕਦੀ ਹੈ। ਇਸ ਤੋਂ ਜ਼ਰਾ ਹੋਰ ਪਹਿਲਾਂ ਕਿਲੇ ਦੇ ਅੰਦਰ ਹੀ ਸਾਰੇ ਸਿੰਘ ਤੇ ਗੁਰੂ ਗੋਬਿੰਦ ਸਿੰਘ ਜੀ ਰਾਮ ਰਾਮ ਦਾ ਜਾਪ ਕਰਕੇ ਰਾਮ ਦੇ ਹਵਾਈ ਜਹਾਜ਼ ਤੇ ਚੱੜ੍ਹ ਕੇ ਸਰਕਾਰੀ ਫੋਜਾਂ ਨੂੰ ਬਾਈ ਬਾਈ/ ਅੱਲਵਿਦਾ ਕਹਿਕੇ ਜਾ ਸਕਦੇ ਸਨ। ਆਪਣੀਆਂ ਫੋਜਾਂ ਮਰਵਾਉਣ ਦਾ ਕਿਸੇ ਨੂੰ ਕੀ ਚਾਅ ਹੁੰਦਾ ਹੈ? ਰੰਗੀਲਾ ਜੀ ਮੁਤਾਬਕ ਹੋ ਸਕਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਇਸਦਾ ਗਿਆਨ ਹੀ ਨਾ ਹੋਵੇ। ਇਸ ਬਾਰੇ ਤਾਂ ਸੰਗਤਾਂ ਰੰਗੀਲਾ ਜੀ ਨੂੰ ਹੀ ਪੁਛੱਣ ਦੀ ਕ੍ਰਿਪਾਲਤਾ ਕਰਨ।

ਬਾਕੀ ਸੰਗਤਾਂ ਨੂੰ ਰਾਹ ਰੋਕ ਕੇ ਹੇਮਕੁੰਟ ਜਾਣੋ ਤਾਂ ਨਹੀਂ ਹਟਾਇਆ ਜਾ ਸਕਦਾ। ਇੱਸ ਭੇਡਾ-ਚਾਲ ਬਾਰੇ ਬਾਣੀ ਦਾ ਫੁਰਮਾਣ ਇੰਝ ਹੈ:

ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ॥
ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ॥ ਪੰਨਾ 27, ਮ: 3 ॥

ਜਿਵੇਂ ਜਿਵੇਂ ਸੰਗਤਾਂ ਨੂੰ ਇਸ ਬਾਰੇ ਗਿਆਨ ਹੁੰਦਾ ਜਾਵੇਗਾ ਆਪਣੇ ਆਪ ਉੱਥੇ ਜਾਣੋ ਹੱਟ ਜਾਣਗੀਆਂ। ਬਾਕੀ ਸੰਗਤਾਂ ਦਾ ਕੁੱਝ ਸੌਰਦਾ ਹੈ ਯਾ ਨਹੀਂ ਪਰ ਯੂ. ਪੀ ਦੀ ਸਰਕਾਰ ਤੇ ਰਸਤੇ ਵਿੱਚ ਆਉਣ ਵਾਲੇ ਕਸਬਿਆਂ ਦਾ ਜ਼ਰੂਰ ਕੁੱਝ ਸੌਰ ਜਾਂਦਾ ਹੈ। ਸਰਕਾਰ ਲੱਖਾਂ ਰੂਪੈ ਟੈਕਸ ਦੇ ਵਸੂਲਦੀ ਹੈ ਤੇ ਕਸਬਿਆਂ ਵਾਲੇ ਲੋਕ ਨਜ਼ਾਇਜ ਕਾਰਾਂ ਤੇ ਟੈਕਸੀਆਂ ਵਲਿਆਂ ਤੋ ਰਾਹ ਰੋਕ ਕੇ ਲੱਖਾਂ ਰੁਪੈ ਉਗਰਾਹ ਲੈਂਦੇ ਹਨ। ਇਹ ਫਾਇਦਾ ਯਾ ਨੁਕਸਾਨ ਸਿੱਖਾਂ ਨੂੰ ਹੋਇਆ ਹੇਮਕੁੰਟ ਜਾਣਦਾ, ਫੈਸਲਾ ਤੁਹਾਡੇ ਹੱਥ ਹੈ।

ਫਰਜ਼ ਕਰੋ ਕਿ ਬਚਿਤ੍ਰ ਨਾਟਕ ਵਾਲੀ ਕਹਾਣੀ ਬਿਲਕੁਲ ਸੱਚੀ ਹੈ। ਤਾਂ ਸਵਲਾ ਪੈਦਾ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਆਪਣੇ ਜਿਉਂਦੇ ਜੀਅ ਕਿਸੇ ਇੱਕ ਵੀ ਸਿੱਖ ਨੂੰ ਆਪਣੇ ਪਿਛਲੇ ਜਨਮ ਵਿੱਚ ਹੇਮਕੁੰਟ ਤਪ ਕਰਨ ਵਾਲੀ ਇਹ ਕਹਾਣੀ ਕਿਉਂ ਨਹੀਂ ਦੱਸ ਕੇ ਗਏ?

ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ ॥
ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ ॥੧॥
ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ ॥
ਕਹੇ ਨ ਜਾਨੀ ਅਉਗਣ ਮੇਰੇ ॥੧॥ ਰਹਾਉ ॥ ਪੰਨਾ 156, ਮ:1 ॥

ਉਪਰ ਲਿਖੇ ਸਲੋਕ ਦੇ ਅਧਾਰ ਤੇ ਆਪਾਂ ਇਹ ਕਹਿ ਸਕਦੇ ਹਾਂ ਕਿ ਕਿਸੇ ਨੂੰ ਆਪਣੇ ਪਿੱਛਲੇ ਜਨਮ ਬਾਰੇ ਕੋਈ ਪਤਾ ਨਹੀਂ ਹੁੰਦਾ, ਇਹ ਬ੍ਰਾਹਮਣੀ ਸਿਧਾਂਤ ਹੈ ਜਿਸ ਨੂੰ ਅਸੀਂ ਨਹੀਂ ਮੰਨਣਾ।

ਇੱਕ ਹੋਰ ਸਵਾਲ। ਜਦੋਂ ਗੁਰੂ ਜੀ ਨੇ ਹੇਮਕੁੰਟ ਵਾਲੀ ਜਗ੍ਹਾ ਤੇ ਤਪ ਕੀਤਾ ਤਾਂ ਕੀ ਗੁਰੂ ਗੋਬਿੰਦ ਸਿੰਘ ਜੀ ਸਾਡੇ ਗੁਰੂ ਸਨ? ਉੱਤਰ ਹੈ ਨਹੀਂ। ਤਾਂ ਫਿਰ ਇਸ ਜਗ੍ਹਾ ਨਾਲ ਸਾਡਾ ਦੂਰ ਦਾ ਵਾਸਤਾ ਵੀ ਨਹੀਂ। ਭਾਈ ਸਿੱਖੋ ਇਸ ਜੰਜਾਲ ਵਿੱਚ ਸਿੱਖਾਂ ਨੂੰ ਫਸਾਉਣ ਦਾ ਕੋਝਾ ਕੰਮ ਭਾਈ ਵੀਰ ਸਿੰਘ ਕਰ ਗਿਆ ਹੈ। ਇਹ ਹੀ ਨਹੀਂ ਬਲਕਿ ਰਾਗਮਾਲਾ ਦਾ ਟੈਂਟਾ ਵੀ ਭਾਈ ਵੀਰ ਸਿੰਘ ਹੀ ਖੜਾ ਕਰ ਗਿਆ ਹੈ ਜਿਸ ਨੇ ਆਪਣੀ ਜ਼ਿਦਗੀ ਦੇ ਅੱਧ ਤੋਂ ਵੀ ਜ਼ਿਆਦਾ ਰਾਗਮਾਲਾ ਦੇ ਵਿਰੁੱਧ ਪ੍ਰਚਾਰ ਕੀਤਾ ਪਰ 1917 ਵਿੱਚ ਚੀਫ ਖਾਲਸਾ ਦੀਵਾਨ ਦੀ ਕਿਸੇ ਮੀਟਿੰਗ ਤੋਂ ਬਗੈਰ ਹੀ ਭਾਈ ਵੀਰ ਸਿੰਘ ਬਦਲ ਗਏ। ਇਹ ਤਾਂ ਅਸਲੀਅਤ ਵਿਚੋਂ ਸਿਰਫ ਤਿਲ ਭਰ ਹੀ ਹੈ। ਜੇ ਸਾਰਾ ਕੁੱਝ ਲਿਖ ਦਿੱਤਾ ਜਾਵੇ ਕਿ ਭਾਈ ਵੀਰ ਸਿੰਘ ਜੀ ਨੇ ਕਿਸ ਕਿਸ ਨਾਲ ਧੋਖਾ ਕੀਤਾ ਤਾਂ ਸ਼ਾਈਦ ਸਿੱਖ ਵਿਸ਼ਵਾਸ਼ ਹੀ ਨਾ ਕਰਨ। ਇਹ ਹੈ ਸੰਤ ਕਵੀ ਭਾਈ ਵੀਰ ਸਿੰਘ ਜੀ?

ਬਾਕੀ ਇਸ ਤਰ੍ਹਾਂ ਦੇ ਜਪਾਂ ਤਪਾਂ ਵਾਲੀਆਂ ਥਾਵਾਂ ਨਾਲ ਜੁੜਨ ਤੋਂ ਵੀ ਗੁਰਬਾਣੀ ਸਾਨੂੰ ਰੋਕਦੀ ਹੈ।

ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ ਬਿਧੇ ਛੁਟਕਾਰ॥
ਗਰਤ ਘੋਰ ਅੰਧ ਤੇ ਕਾਢਹੁ ਪ੍ਰਭ ਨਾਨਕ ਨਦਰਿ ਨਿਹਾਰਿ॥ ਪੰਨਾ 1301, ਮ:5 ॥

ਪ੍ਰਮਾਤਮਾ ਨੂੰ ਮਿਲਣ ਦਾ ਤਰੀਕਾ ਗੁਰੂ ਅਰਜਨ ਦੇਵ ਜੀ ਅਗਲੇ ਸਲੋਕ ਵਿੱਚ ਦੱਸਦੇ ਹਨ। ਪਾਠ ਕਰਨ ਨਾਲ, ਬੇਦ ਬੀਚਾਰਨ ਨਾਲ, ਹਾਥੀ ਦਾਨ ਕਰਨ ਨਾਲ, ਯੋਗਾ ਅਭਿਆਸ ਕਰਨ ਨਾਲ, ਪੂਜਾ ਅਰਚਾ ਡੰਡਾਉਤ ਬੰਦਨਾ ਕਰਨ ਨਾਲ ਵੀ ਪ੍ਰਮਾਤਮਾ ਨਹੀਂ ਮਿਲਦਾ। ਜੇ ਪ੍ਰਮਾਤਮਾ ਮਿਲਦਾ ਹੈ ਤਾਂ ਸਿਰਫ ਤੇ ਸਿਰਫ ਬਬੇਕ-ਬੁਧੀ ਨਾਲ।

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥1॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥
ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥2॥
ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥3॥
ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ 4॥ ਪੰਨਾ 641-642, ਮ:5 ॥

ਸ੍ਰ. ਕਾਲਾ ਅਫਗਾਨਾ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਕੋਈ ਮਜ਼ਾਕ ਨਹੀਂ ਉਡਾਇਆ, ਤੁਹਾਨੂੰ ਕਿਧਰੇ ਭੁਲੇਖਾ ਲੱਗ ਗਿਆ ਹੈ। ਪਰ ਜਿਵੇਂ ਬਚਿਤ੍ਰ ਨਾਟਿਕ ਵਿੱਚ ਲਿਖਿਆ ਹੈ, " ਤਿਲਕ ਜੰਞੂ ਰਾਖਾ ਪ੍ਰਭੁ ਤਾਕਾ" ਵਾਸਤੇ ਗੁਰੂ ਤੇਗ ਬਹਾਦਰ ਜੀ ਨੇ ਸ਼ਹੀਦੀ ਨਹੀਂ ਦਿੱਤੀ। ਜਿਸ ਤਿਲਕ ਜੰਞੂ ਨਾਲ ਸਿੱਖਾਂ ਦਾ ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਹੀ ਕੋਈ ਸਬੰਧਿ ਨਹੀਂ ਉਸ ਦੀ ਰਾਖੀ ਕਿਉਂ ਕਰਨੀ ਸੀ? ਬਲਕਿ ਸਿੱਖ ਲਹਿਰ ਹੋਰ ਮਜਬੂਤ ਕਰਨ ਕਰਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹਾਦਤ ਦਾ ਜਾਮ ਪੀਣਾ ਪਿਆ।

ਬਾਕੀ ਸ਼੍ਰੋ. ਗੁ.ਪ੍ਰ. ਕਮੇਟੀ ਨੇ 3 ਅਗਸਤ 1973 ਵਿੱਚ ਪੱਤਰ ਨੰਬਰ 36672 ਮੁਤਾਬਕ ਇਹ ਫੈਸਲਾ ਕੀਤਾ ਸੀ ਕਿ ਦਸਮ ਗ੍ਰੰਥ ਵਿੱਚ ਅੰਕਿਤ ਚਰਿਤ੍ਰੋਪਖਿਯਾਨ ਦਸਮ ਪਿਤਾ ਜੀ ਦੀ ਬਾਣੀ ਨਹੀਂ। ਇਹ ਹਿੰਦੂ ਸਾਖੀ ਦਾ ਉਤਾਰਾ ਹੈ। ਅੱਜ ਦੇ ਸਮੇਂ ਸਿਰਫ ਚਰਿਤ੍ਰੋਪਖਿਯਾਨ ਦਾ ਹੀ ਮਸਲਾ ਨਹੀਂ ਸਗੋਂ ਦੋ ਚਾਰ ਬਾਣੀਆਂ ਨੂੰ ਛੱਡ ਕੇ ਬਾਕੀ ਸਾਰੇ ਦਸਮ ਗ੍ਰੰਥ ਦਾ ਮਸਲਾ ਹੈ। ਇਹ ਫੈਸਲਾ ਉਦੋਂ ਹੀ ਲਾਗੂ ਹੋਵੇਗਾ ਜਦੋਂ ਸਿੱਖ ਫੈਸਲਾ ਕਰਨ ਜੋਗੇ ਹੋ ਗਏ, ਸਿੱਖ ਆਪਣੀ ਗੂਹੜੀ ਨੀਂਦਰ ਵਿਚੋਂ ਬਾਹਰ ਆ ਗਏ/ਜਾਗਰਤ ਹੋ ਗਏ। ਜਿਤਨੀ ਦੇਰ ਗਿਆਨੀ ਪੂਰਨ ਸਿੰਘ ਤੇ ਉਨ੍ਹਾਂ ਦੇ ਭੈਣ-ਭਾਈ ਦਰਬਾਰ ਸਾਹਿਬ ਤੇ ਕਬਜਾ ਕਰੀ ਬੈਠੇ ਹਨ ਕਿਸੇ ਚੰਗੇ ਕਾਰਜ਼ ਦੀ ਆਸ ਕਰਨੀ ਨਿਹਫਲ ਹੈ।

**Information in Public Interest**
To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।
Contact:(408) 687-1899, (925) 587-1148


Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001


GHUMAN
LAW GROUP INC.
Ghuman Law Group
ਤੁਹਾਡੇ ਲਈ ਲੈ ਕੇ ਆਏ ਨੇ
AMERICA ਵਿੱਚ
BUSINESS ਕਰਨ ਦਾ ਸੁਨਿਹਰੀ ਮੌਕਾ !
ਜੇਕਰ ਤੁਸੀਂ Canada, England, Australia,
New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ
ਆਓ E-2 Investor Visa ਰਾਹੀਂ
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ
PASSPORT
GHUMAN LAW GROUP
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ
ਪੂਰੀ ਮਦਦ ਕਰੇਗਾ
ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ
ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ
2 ਸਾਲ ਦਾ Work Permit
Spouse ਨੂੰ ਮਿਲੇਗਾ Open Work Permit
ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ
ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ
MON - FRI, 9:00 AM - 3:00 PM
+1 (223) 300-0001 | www.ghumanlawgroup.org
2450 VENTURE OAKS WAY, STE 225 SACRAMENTO, CA


ਜਿੱਥੇ ਡੁੱਲ੍ਹਦਾ ਖ਼ੂਨ ਸ਼ਹੀਦਾਂ ਦਾ, ਉੱਥੇ ਉੱਗਦਾ ਰੁੱਖ ਆਜ਼ਾਦੀ ਦਾ।
ਸਦੀਆਂ ਤੀਕ ਦੁਨੀਆਂ ਯਾਦ ਰੱਖੂ, ਸਾਕਾ ਜ਼ਾਲਮ ਦੀ ਬਰਬਾਦੀ ਦਾ।
INDO-AMERICAN HERITAGE FORUM FRESNO, CALIFORNIA
ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ
ਵਲੋਂ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਵਿਚ ਹਿੱਕਾਂ ਡਾਹ ਕੇ ਅਥਾਹ ਕੁਰਬਾਨੀਆਂ ਕਰਨ ਵਾਲੇ ਬਹਾਦਰ ਯੋਧਿਆਂ ਅਤੇ ਸਮੁੱਚੀ ਗ਼ਦਰ ਪਾਰਟੀ ਨੂੰ ਸਮਰਪਿਤ
24ਵਾਂ 'ਮੇਲਾ ਗ਼ਦਰੀ ਬਾਬਿਆਂ ਦਾ'
ਕਰਤਾਰ ਸਿੰਘ ਸਰਾਭਾ
ਬਾਬਾ ਜਵਾਲਾ ਸਿੰਘ
ਬਾਬਾ ਵਿਸਾਖਾ ਸਿੰਘ
ਬਾਬਾ ਸੋਹਣ ਸਿੰਘ ਭਕਨਾ
ਗਦਰੀ ਸੰਤੋਖ ਸਿੰਘ ਧਰਦਿਓ
12 ਅਪ੍ਰੈਲ 2026, ਦਿਨ ਐਤਵਾਰ, ਦੁਪਹਿਰ 1:00 ਵਜੇ ਤੋਂ ਸ਼ਾਮ 6:00 ਵਜੇ ਤੱਕ
Central High School, East Campus Performing Art Center 3535 N. Cornelia Ave, Fresno, CA 93722
ਵਿਖੇ ਸਮੂਹ ਭਾਈਚਾਰੇ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।
ਪਹੁੰਚ ਰਹੇ ਗਾਇਕ ਕਲਾਕਾਰ
ਮੰਚ ਸੰਚਾਲਨ
ਲਾਲੀ ਤੱਖਰ
ਰਾਜ ਬਰਾੜ
ਆਸ਼ਾ ਸ਼ਰਮਾ
ਹੋਰ ਪ੍ਰੋਗਰਾਮ:
ਗੀਤ, ਕਵਿਤਾਵਾਂ, ਭਾਸ਼ਨ, ਗਿੱਧਾ ਤੇ ਭੰਗੜਾ
4.0 ਗਰੇਡ ਵਾਲੇ ਵਿਦਿਆਰਥੀਆਂ ਦਾ ਸਨਮਾਨ
ਵਿਦਿਆਰਥੀਆਂ ਦਾ ਨਾਮ ਰਜਿਸਟਰ ਕਰਨ ਲਈ ਵਿਦਿਆਰਥੀ ਦਾ ਨਾਮ, ਸੰਪਰਕ ਫੋਨ ਨੰਬਰ ਅਤੇ ਸਕੂਲ ਗਰੇਡ ਸ਼ੀਟ ਜਾਂ ਰਿਪੋਰਟ ਕਾਰਡ ਦੀ ਕਾਪੀ ਈਮੇਲ ਐਂਡਰੈੱਸ IAHForum@gmail.com ਤੇ ਭੇਜਣੀ ਜ਼ਰੂਰੀ ਹੋਵੇਗੀ।
ਸੰਪਰਕ: ਸ਼ਰਨਜੀਤ ਧਾਲੀਵਾਲ (559) 974-8383
Chief Guest & Speaker
ਮੁੱਖ ਮਹਿਮਾਨ ਅਤੇ ਬੁਲਾਰਾ
Social Activist
Dr. Swaiman Singh
ਚਾਹ ਪਾਣੀ ਤੇ ਪਕੌੜਿਆਂ ਦਾ ਲੰਗਰ ਸਾਰਾ ਦਿਨ ਚੱਲੇਗਾ
ਆਓ ਸਾਰੇ ਪਰਿਵਾਰਾਂ ਸਮੇਤ ਰਲ ਮਿਲ ਕੇ ਦੇਸ਼ ਕੌਮ ਲਈ ਜਾਨਾਂ ਵਾਰਨ ਅਤੇ ਅੱਤ ਦਾ ਤਸ਼ੱਦਦ ਝੱਲਣ ਵਾਲੇ ਯੋਧਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ।
ਦੇਸ਼ ਲਈ ਕੁਰਬਾਨੀ ਕਰਨ ਵਾਲੇ ਮਹਾਨ ਸ਼ਹੀਦਾਂ ਤੇ ਗਦਰੀ ਬਾਬਿਆਂ ਦੀ ਫੋਟੋ ਪ੍ਰਦਰਸ਼ਨੀ ਲਗਾਈ ਜਾਵੇਗੀ।
ਬੱਚਿਆਂ ਦੇ ਡਰਾਇੰਗ ਮੁਕਾਬਲੇ ਕਰਵਾਏ ਜਾਣਗੇ
4.0 ਵਾਲੇ ਵਿਦਿਆਰਥੀ ਅਤੇ ਡਰਾਇੰਗ ਮੁਕਾਬਲੇ ਵਿੱਚ ਹਿੱਸਾ ਲੈਣ ਦੇ ਚਾਹਵਾਨ ਫੋਰਮ ਦੀ ਈਮੇਲ iahforum@gmail.com ਤੇ ਆਪਣੀ ਜਾਣਕਾਰੀ ਭੇਜ ਕੇ ਆਪਣਾ ਨਾਮ ਰਜਿਸਟਰ ਕਰਵਾ ਸਕਦੇ ਹਨ
ਜੀ.ਐੱਚ.ਜੀ ਡਾਂਸ ਅਤੇ ਸੰਗੀਤ ਅਕੈਡਮੀ ਦੀਆਂ ਟੀਮਾਂ ਵਲੋਂ ਗਿੱਧਾ ਤੇ ਭੰਗੜਾ ਪੇਸ਼ ਕੀਤਾ ਜਾਵੇਗਾ
ਮੇਲਾ ਕਮੇਟੀ
ਨਵਦੀਪ ਸਿੰਘ ਧਾਲੀਵਾਲ, ਸੁਰਿੰਦਰ ਸਿੰਘ ਬਦੇਸ਼ਾ, ਮਹਿੰਦਰ ਸਿੰਘ ਢਾਹ, ਬਲਦੇਵ ਸਿੰਘ ਧਾਲੀਵਾਲ, ਗੁਰਦੀਪ ਸਿੰਘ ਗਿੱਲ, ਬੂਟਾ ਸਿੰਘ ਸਹੋਤਾ, ਪਰਗਟ ਸਿੰਘ ਧਾਲੀਵਾਲ, ਹਰਜਿੰਦਰ ਸਿੰਘ ਢੇਸੀ, ਸ਼ਰਨਜੀਤ ਕੌਰ ਧਾਲੀਵਾਲ, ਪਰਮਜੀਤ ਸਿੰਘ ਢਿੱਲੋਂ, ਗੁਰਮੀਤ ਸਿੰਘ ਗਿੱਲ, ਦਲਜੀਤ ਸਿੰਘ ਰਿਆੜ, ਗੁਰਮੀਤ ਸਿੰਘ ਗਾਜ਼ੀਆਣਾ, ਇੰਦਰਜੀਤ ਚੋਗਾਵਾਂ, ਤਾਰਾ ਸਿੰਘ ਸੰਧੂ, ਭੂਪਿੰਦਰ ਕੌਰ ਬਦੇਸ਼ਾ, ਬਲਬੀਰ ਕੌਰ ਧਾਲੀਵਾਲ, ਹਰਿੰਦਰ ਕੌਰ, ਰਵਿੰਦਰ ਕੌਰ ਢਾਹ, ਬਲਵਿੰਦਰ ਕੌਰ ਧਾਲੀਵਾਲ, ਪ੍ਰੀਤ ਕੌਰ ਗਿੱਲ, ਦਰਸ਼ਨ ਕੌਰ ਗਿੱਲ, ਪਰਮਜੀਤ ਕੌਰ ਗਿੱਲ, ਸੁਖਜਿੰਦਰ ਕੌਰ ਢਿੱਲੋਂ, ਮਨਵੀਰ ਕੌਰ ਧਾਲੀਵਾਲ, ਕਿਰਨਜੀਤ ਕੌਰ ਧਾਲੀਵਾਲ, ਟਹਿਲ ਸਿੰਘ ਢੇਸੀ, ਤਲਵਿੰਦਰ ਸਿੰਘ ਜੌਹਲ, ਜੋਗਾ ਸਿੰਘ ਬਦੇਸ਼ਾ, ਸੁਰਿੰਦਰ ਸਿੰਘ ਬਿੰਦ, ਡਾ. ਮਲਕੀਤ ਸਿੰਘ ਕਿੰਗਰਾ, ਪ੍ਰਿੰਸੀਪਲ ਬਲਵਿੰਦਰ ਸਿੰਘ, ਹਰਮਨ ਸਿੰਘ ਗਿੱਲ, ਦਲਜੀਤ ਸਿੰਘ ਗਰੇਵਾਲ, ਡਾ. ਅਰਜਨ ਸਿੰਘ ਜੋਸਨ, ਗੁਰਪ੍ਰੀਤ ਸਿੰਘ ਖਾਨਖਾਨਾ, ਉਦੇਦੀਪ ਸਿੰਘ ਸਿੱਧੂ, ਪਰਮਜੀਤ ਸਿੰਘ ਧਾਲੀਵਾਲ, ਗੁਰਨਾਮ ਸਿੰਘ ਬਿੰਜਲ, ਮਾਸਟਰ ਸ਼ਮਸ਼ੇਰ ਸਿੰਘ, ਰਾਜ ਮੋਗਾ, ਜਗਰੂਪ ਸਿੰਘ ਧਾਲੀਵਾਲ, ਹਰਨੇਕ ਸਿੰਘ ਲੋਹਗੜ, ਸੁੱਖੀ ਹੇਅਰ, ਬਲਵਿੰਦਰ ਸਿੰਘ ਮੰਡੇਰ, ਅਮੋਲਕ ਸਿੰਘ ਸਿੱਧੂ, ਮੇਜਰ ਸਿੰਘ ਸੇਖੋਂ, ਸੁਖਪਾਲ ਸਿੰਘ ਧਾਲੀਵਾਲ, ਜਸਪਾਲ ਸਿੰਘ ਧਾਲੀਵਾਲ, ਮਨਵੀਰ ਸਿੰਘ ਭੁਲਰ, ਗੁਰਬਖਸ਼ ਸਿੰਘ ਸਿੱਧੂ, ਸ਼ੇਰ ਸਿੰਘ ਘਣਗੱਸ, ਹੈਰੀ ਢੇਸੀ, ਦਵਿੰਦਰ ਸਿੰਘ ਗਰੇਵਾਲ, ਬਹਾਦਰ ਸਿੰਘ ਭੰਗਲ, ਕਮਲਜੀਤ ਕੌਰ ਭੰਗਲ, ਪਵਿੰਦਰਜੀਤ ਸਿੰਘ ਮਾਨ, ਇੰਦਰਜੀਤ ਸਿੰਘ ਬਰਾੜ, ਰਾਜ ਅਲੀ, ਅੰਗਰੇਜ਼ ਸਿੰਘ।
ਸਰਪ੍ਰਸਤ: ਜਸਵੰਤ ਸਿੰਘ ਮਾਨ, ਕਰਮ ਸਿੰਘ ਮਾਨ
ਵਿਸ਼ੇਸ਼ ਧੰਨਵਾਦ:
ਰੇਡੀਓ 900 ਏ.ਐੱਮ. ਦੇ ਸਾਰੇ ਪੰਜਾਬੀ ਹੋਸਟ, ਪੰਜਾਬੀ ਰੇਡੀਓ ਯੂ.ਐੱਸ.ਏ., ਰੇਡੀਓ 620 ਏ.ਐੱਮ ਰੇਡੀਓ ਐਫ.ਐੱਮ 94.3, ਸਾਰੇ ਪੰਜਾਬੀ ਅਖਬਾਰ, ਜੀ.ਐੱਚ. ਜੀ ਸੰਗੀਤ ਐਂਡ ਡਾਂਸ ਅਕੈਡਮੀ।
ਹੋਰ ਜਾਣਕਾਰੀ ਲਈ ਸੰਪਰਕ
ਨਵਦੀਪ ਸਿੰਘ ਧਾਲੀਵਾਲ ਪ੍ਰਧਾਨ ........ (559) 287-0822
ਹਰਜਿੰਦਰ ਸਿੰਘ ਢੇਸੀ ਸੈਕਰੀ ........ (559) 618-0156
ਗੁਰਮੀਤ ਸਿੰਘ ਗਿੱਲ ........ (805) 215-0681
ਗੁਰਮੀਤ ਸਿੰਘ ਗਾਜ਼ੀਆਣਾ ........ (559) 801-8200

REALTY UNPLUGGED

# ਤੁਹਾਡੀਆਂ ਜੜ੍ਹਾਂ
# ਤੁਹਾਡਾ ਮੁਨਾਫ਼ਾ $



ਸਮਝਦਾਰ NRI ਪੰਜਾਬੀਆਂ ਨੇ 2024 ਵੱਚਿ ਭਾਰਤੀ ਰੀਅਲ ਅਸਟੇਟ ਵੱਚਿ **$13 ਬਲਿੀਅਨ** ਲਗਾਏ—ਕਉਿਂਕ ਿਉਹਨਾਂ ਨੂੰ ਪਤਾ ਸੀ:

**ਤੁਹਾਡਾ ਡਾਲਰ + ਭਾਰਤ ਦੀ ਤਰੱਕੀ = ਪੀੜ੍ਹੀਆਂ ਦੀ ਦੌਲਤ**

## ਜਦੋਂ ਤੁਹਾਡਾ ਡਾਲਰ ਬਾਹਰ 4% ਕਮਾਉਂਦਾ ਹੈ, ਭਾਰਤ 18-20% ਦੇਂਦਾ ਹੈ

- **7.2% GDP ਵਾਧਾ** - ਦੁਨੀਆਂ ਦੀ 3.1% ਨਾਲੋਂ ਦੁੱਗਣਾ ਤੇਜ਼
- **3.48 ਲੱਖ ਹੁਨਰਮੰਦ ਭਾਰਤੀ** 2024 ਵੱਚਿ ਵਾਪਸ ਆਏ
- **$70 ਬਲਿੀਅਨ+ ਵਦਿੇਸ਼ੀ ਨਵਿੇਸ਼** - ਦੁਨੀਆਂ ਦਾ ਭਰੋਸਾ ਭਾਰਤ ਉੱਤੇ

## ਤੁਹਾਡੇ ਲਈ ਨਵਿੇਸ਼ ਦੇ ਰਾਹ

| ਨਵਿੇਸ਼ ਦੀ ਕਸਿਮ | ਸਾਲਾਨਾ ਮੁਨਾਫ਼ਾ | ਕਸਿ ਲਈ ਢੁਕਵਾਂ |
|---|---|---|
| ਵਕਿਾਸਸ਼ੀਲ ਇਲਾਕਆਿਂ ਦੀ ਜ਼ਮੀਨ | 18-20% ਵਾਧਾ | ਲੰਮੀ ਮਿਆਦ ਦੀ ਦੌਲਤ |
| ਨਰਿਮਾਣ ਅਧੀਨ ਪ੍ਰੀਮੀਅਮ ਫਲੈਟ | 16-18% ਵਾਧਾ | ਪੂੰਜੀ ਵਾਧਾ |
| ਸਟੂਡੀਓ ਅਪਾਰਟਮੈਂਟ | 7-9% ਕਿਰਾਇਆ + 7-9% ਵਾਧਾ | ਨਿਯਮਿਤ ਆਮਦਨ |
| ਪ੍ਰੀ-ਲੀਜ਼ਡ ਕਮਰਸ਼ੀਅਲ | 6-8% ਕਿਰਾਇਆ + 6-8% ਵਾਧਾ | ਸੁਰੱਖਿਅਤ ਨਿਵੇਸ਼ |

**ਨਵਿੇਸ਼ ਸੀਮਾ:** $100,000 ਤੋਂ $1,000,000 ਤੱਕ — ਸਮੇਂ ਦੀ ਕੋਈ ਪਾਬੰਦੀ ਨਹੀ।

## 147 NRI ਪਰਵਿਾਰਾਂ ਦਾ ਭਰੋਸਾ - Realty Unplugged

**ਸਾਡੇ ਸਫਲਤਾ ਦੇ ਕਿੱਸੇ:**

**2017 ਗੁੜਗਾਂਵ:** 7 ਸਾਲਾਂ ਵਿੱਚ 3 ਗੁਣਾ ਮੁਨਾਫ਼ਾ

**2020 ਚੰਡੀਗੜ੍ਹ:** 4 ਸਾਲਾਂ ਵਿੱਚ ਦੁੱਗਣਾ ਵਾਧਾ

**2022 ਪੁਣੇ:** 2 ਸਾਲਾਂ ਵਿੱਚ 58% ਵਾਧਾ

**ਆਪਣੇ ਭਵੱਖਿ ਨੂੰ ਸੁਰੱਖਅਿਤ ਕਰੋ - ਅੱਜ ਹੀ!**

**Call : +91 73038-88722**

**Subhiney Chabra : +91 97802-06080**

Let's Start!

**ਤੁਸੀ ਅਮਰੀਕਾ ਵੱਚਿ । ਤੁਹਾਡੀ ਜਾਇਦਾਦ ਭਾਰਤ ਵੱਚਿ ।**
**ਅਸੀ ਤੁਹਾਡੀਆਂ ਅੱਖਾਂ, ਹੱਥ ਅਤੇ ਕਾਨੂੰਨੀ ਢਾਲ।**

ONLY WAY TO GROW YOUR BUSINESS FASTER



BNG
(Business Network Gateway)



We work for you to
Boost Your Business

VIDEO ADVERTISEMENTS
We make professional video advertisements for your business in Punjabi, Hindi & English



POSTERS DESIGN
We design flyers, Posters and Post Cards to promote your business



BUSINESS CARD DESIGN
WE DESIGN YOUR BUSINESS CARD



SOCIAL MEDIA HANDLERS
We can manage your Business social media handlers Facebook, instagram & YouTube



24/7 TECH SUPPORT
We provide 24/7 tech support




For more information call
Boota Singh Basi +1 (209) 303-1260

# ਦੱਖਣੀ ਕੋਰੀਆ ਦੀ ਫੈਕਟਰੀ ਵਿੱਚ ਅੱਗ ਲੱਗਣ ਨਾਲ 10 ਲੋਕਾਂ ਦੀ ਮੌਤ

ਡੇਜੇਓਨ
ਸਾਂਝੀ ਸੋਚ ਬਿਊਰੋ



ਦੱਖਣੀ ਕੋਰੀਆ ਵਿੱਚ ਇੱਕ ਫੈਕਟਰੀ ਵਿੱਚ ਅੱਗ ਲੱਗਣ ਕਾਰਨ ਘੱਟੋ-ਘੱਟ 10 ਲੋਕਾਂ ਦੀ ਮੌਤ ਹੋ ਗਈ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਅੱਗ ਅਚਾਨਕ ਲੱਗੀ ਅਤੇ ਤੇਜ਼ੀ ਨਾਲ ਫੈਲ ਗਈ, ਜਿਸ ਕਾਰਨ ਅੰਦਰਲੇ ਲੋਕ ਬਾਹਰ ਨਹੀਂ ਨਿਕਲ ਸਕੇ। ਬਚਾਅ ਕਰਮਚਾਰੀਆਂ ਨੇ ਸ਼ਨੀਵਾਰ ਨੂੰ ਕੇਂਦਰੀ ਸ਼ਹਿਰ ਡੇਜੇਓਨ ਵਿੱਚ ਇੱਕ ਆਟੋ ਪਾਰਟਸ ਫੈਕਟਰੀ ਦੇ ਸੜੇ ਹੋਏ ਮਲਬੇ ਵਿੱਚੋਂ 10 ਲਾਸ਼ਾਂ ਕੱਢੀਆਂ।
ਅਧਿਕਾਰੀਆਂ ਅਨੁਸਾਰ, ਹਾਦਸੇ ਵਿੱਚ 59 ਹੋਰ ਲੋਕ ਜ਼ਖਮੀ ਹੋਏ ਹਨ, ਜਿਨ੍ਹਾਂ ਵਿੱਚੋਂ 25 ਦੀ ਹਾਲਤ ਗੰਭੀਰ ਹੈ। ਜਦੋਂ ਕਿ 34 ਹੋਰਾਂ ਨੂੰ ਮਾਮੂਲੀ ਜ਼ਖਮੀ ਹੋਏ ਹਨ। ਬਚਾਅ ਟੀਮਾਂ ਅਜੇ ਵੀ ਮਲਬੇ ਵਿੱਚ ਦੱਬੇ ਚਾਰ ਹੋਰ ਲਾਪਤਾ ਲੋਕਾਂ ਦੀ ਭਾਲ ਕਰ ਰਹੀਆਂ ਹਨ। ਅੱਗ ਦੁਪਹਿਰ ਵੇਲੇ ਲੱਗੀ। ਗ੍ਰਹਿ ਮੰਤਰਾਲੇ ਦੇ ਆਫ਼ਤ ਪ੍ਰਬੰਧਨ ਵਿਭਾਗ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਸ਼ਨੀਵਾਰ ਸਵੇਰੇ 5 ਵਜੇ ਤੱਕ, ਮਰਨ ਵਾਲਿਆਂ ਦੀ ਗਿਣਤੀ 10 ਹੋ ਗਈ ਹੈ।
ਸ਼ੁੱਕਰਵਾਰ ਦੁਪਹਿਰ ਨੂੰ ਅੱਗ ਲੱਗਣ ਤੋਂ ਬਾਅਦ, 500 ਤੋਂ ਵੱਧ ਫਾਇਰਫਾਈਟਰ, ਪੁਲਿਸ ਅਤੇ ਐਮਰਜੈਂਸੀ ਕਰਮਚਾਰੀ ਅੱਗ 'ਤੇ ਕਾਬੂ ਪਾਉਣ ਅਤੇ ਬਚਾਅ ਕਾਰਜਾਂ ਨੂੰ ਅੰਜਾਮ ਦੇਣ ਲਈ ਤਾਇਨਾਤ ਕੀਤੇ ਗਏ ਸਨ। ਯੋਨਹਾਪ ਨਿਊਜ਼ ਏਜੰਸੀ ਦੇ ਅਨੁਸਾਰ, ਜਦੋਂ ਅੱਗ ਲੱਗੀ ਤਾਂ ਪਲਾਂਟ ਵਿੱਚ ਕੁੱਲ 170 ਕਾਮੇ ਕੰਮ ਕਰ ਰਹੇ ਸਨ। ਖੋਜ ਮੁਹਿੰਮ ਦੌਰਾਨ, ਇੱਕ ਲਾਸ਼ ਦੂਜੀ ਮੰਜ਼ਿਲ ਤੋਂ ਅਤੇ ਬਾਕੀ ਤਿੰਨ ਤੀਜੀ ਮੰਜ਼ਿਲ ਤੋਂ ਬਰਾਮਦ ਕੀਤੀਆਂ ਗਈਆਂ।

# ਮੈਨੂੰ ਲੱਗਦਾ ਸੀ ਕਿ ਲੋਕ ਸਰਕਾਰ ਦੇ ਵਿਰੁੱਧ ਹੋ ਜਾਣਗੇ ਪਰ ਹਮਲਿਆਂ ਦੇ ਬਾਵਜੂਦ ਦੇਸ਼ ਇੱਕਜੁੱਟ- ਈਰਾਨ ਸੁਪਰੀਮ ਲੀਡਰ



ਤਹਿਰਾਨ
ਸਾਂਝੀ ਸੋਚ ਬਿਊਰੋ

ਈਰਾਨ ਦੇ ਸੁਪਰੀਮ ਲੀਡਰ, ਮੋਜਤਬਾ ਖਮੇਨੀ ਨੇ ਕਿਹਾ ਹੈ ਕਿ ਅਮਰੀਕਾ ਅਤੇ ਇਜ਼ਰਾਈਲ ਨਾਲ ਚੱਲ ਰਹੀ ਜੰਗ ਵਿੱਚ ਦੁਸ਼ਮਣ ਦੀ ਹਾਰ ਹੋਈ ਹੈ। ਨੌਰੋਜ਼ ਦੇ ਮੌਕੇ 'ਤੇ ਜਾਰੀ ਇੱਕ ਲਿਖਤੀ ਸੰਦੇਸ਼ ਵਿੱਚ, ਖਮੇਨੀ ਨੇ ਕਿਹਾ ਕਿ ਦੁਸ਼ਮਣ ਦੇਸ਼ਾਂ ਨੂੰ ਉਮੀਦ ਸੀ ਕਿ ਹਮਲਿਆਂ ਤੋਂ ਬਾਅਦ ਈਰਾਨੀ ਲੋਕ ਸਰਕਾਰ ਦੇ ਵਿਰੁੱਧ ਉੱਠਣਗੇ, ਪਰ ਅਜਿਹਾ ਨਹੀਂ ਹੋਇਆ। ਖਮੇਨੀ ਨੇ ਕਿਹਾ, "ਮੈਂ ਸੋਚਿਆ ਸੀ ਕਿ ਕੁਝ ਦਿਨਾਂ ਦੇ ਹਮਲਿਆਂ ਤੋਂ ਬਾਅਦ, ਪੂਰੇ ਦੇਸ਼ ਵਿੱਚ ਡਰ ਅਤੇ ਨਿਰਾਸ਼ਾ ਫੈਲ ਜਾਵੇਗੀ ਅਤੇ ਲੋਕ ਸਰਕਾਰ ਦੇ ਵਿਰੁੱਧ ਉੱਠਣਗੇ, ਪਰ ਮੈਂ ਇੱਕ ਗੰਭੀਰ ਗਲਤ ਹਿਸਾਬ ਲਗਾਇਆ।" ਖਮੇਨੀ ਦੇ ਅਨੁਸਾਰ, ਵੱਖ-ਵੱਖ ਵਿਚਾਰਧਾਰਾਵਾਂ ਅਤੇ ਮਤਭੇਦਾਂ ਦੇ ਬਾਵਜੂਦ, ਦੇਸ਼ ਵਿੱਚ ਏਕਤਾ ਦੇਖੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਏਕਤਾ ਨੇ ਦੁਸ਼ਮਣ ਨੂੰ ਆਪਣਾ ਉਦੇਸ਼ ਪ੍ਰਾਪਤ ਕਰਨ ਤੋਂ ਰੋਕਿਆ ਹੈ ਅਤੇ ਇਸ ਏਕਤਾ ਨੇ ਦੁਸ਼ਮਣਾਂ 'ਚ ਦਰਾਰ ਪੈਦਾ ਕਰ ਦਿੱਤੀ ਹੈ।

# ਹਵਾਈ ਹਮਲਿਆਂ ਤੋਂ ਬਾਅਦ ਭਾਰਤ ਨੇ ਅਫਗਾਨਿਸਤਾਨ ਨੂੰ ਡਾਕਟਰੀ ਸਹਾਇਤਾ ਲਈ 2.5 ਟਨ ਦੀ ਖੇਪ ਭੇਜੀ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ




ਭਾਰਤ ਨੇ ਸ਼ੁੱਕਰਵਾਰ ਨੂੰ ਕਾਬੁਲ ਦੇ ਹਸਪਤਾਲ 'ਤੇ ਪਾਕਿਸਤਾਨ ਦੇ ਹਾਲ ਹੀ ਵਿੱਚ ਹੋਏ ਹਮਲੇ ਵਿੱਚ ਜ਼ਖਮੀ ਹੋਏ ਲੋਕਾਂ ਦੇ ਡਾਕਟਰੀ ਇਲਾਜ ਵਿੱਚ ਸਹਾਇਤਾ ਲਈ ਐਮਰਜੈਂਸੀ ਦਵਾਈਆਂ, ਮੈਡੀਕਲ ਡਿਸਪੋਜ਼ੇਬਲ, ਕਿੱਟਾਂ ਅਤੇ ਉਪਕਰਣਾਂ ਦੀ 2.5 ਟਨ ਦੀ ਖੇਪ ਅਫਗਾਨਿਸਤਾਨ ਨੂੰ ਭੇਜੀ। ਵਿਦੇਸ਼ ਮੰਤਰਾਲੇ (ਐਮਈਏ) ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਭਾਰਤ ਇਸ ਮੁਸ਼ਕਲ ਸਮੇਂ ਵਿੱਚ ਅਫਗਾਨਿਸਤਾਨ ਨੂੰ ਮਨੁੱਖੀ ਸਹਾਇਤਾ ਪ੍ਰਦਾਨ ਕਰਨਾ ਜਾਰੀ ਰੱਖੇਗਾ। ਜੈਸਵਾਲ ਨੇ ਐਕਸ 'ਤੇ ਪੋਸਟ ਕੀਤਾ "16 ਮਾਰਚ ਨੂੰ ਹੋਏ ਘਿਨਾਉਣੇ ਹਮਲੇ ਵਿੱਚ ਜ਼ਖਮੀ ਹੋਏ ਲੋਕਾਂ ਦੇ ਡਾਕਟਰੀ ਇਲਾਜ ਅਤੇ ਜਲਦੀ ਠੀਕ ਹੋਣ ਵਿੱਚ ਸਹਾਇਤਾ ਲਈ, ਭਾਰਤ ਨੇ ਕਾਬੁਲ ਨੂੰ ਐਮਰਜੈਂਸੀ ਦਵਾਈਆਂ, ਮੈਡੀਕਲ ਡਿਸਪੋਜ਼ੇਬਲ, ਕਿੱਟਾਂ ਅਤੇ ਉਪਕਰਣਾਂ ਦੀ 2.5 ਟਨ ਦੀ ਖੇਪ ਭੇਜੀ। ਭਾਰਤ ਅਫਗਾਨ ਲੋਕਾਂ ਨਾਲ ਏਕਤਾ ਵਿੱਚ ਖੜ੍ਹਾ ਹੈ ਅਤੇ ਇਸ ਮੁਸ਼ਕਲ ਘੜੀ ਵਿੱਚ ਹਰ ਸੰਭਵ ਮਨੁੱਖੀ ਸਹਾਇਤਾ ਪ੍ਰਦਾਨ ਕਰਦਾ ਰਹੇਗਾ। ਸੋਮਵਾਰ ਰਾਤ ਨੂੰ ਕਾਬੁਲ ਦੇ ਪੁਲ-ਏ-ਚਰਖੀ ਖੇਤਰ ਵਿੱਚ 2,000 ਬਿਸਤਰਿਆਂ ਵਾਲੇ ਓਮਿਦ ਐਡਿਕਸ਼ਨ ਟ੍ਰੀਟਮੈਂਟ ਹਸਪਤਾਲ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਪਾਕਿਸਤਾਨੀ ਹਮਲੇ ਤੋਂ ਬਾਅਦ ਭਾਰਤ ਨੇ ਅਫਗਾਨਿਸਤਾਨ ਨੂੰ ਸਹਾਇਤਾ ਪ੍ਰਦਾਨ ਕੀਤੀ, ਜਿਸ ਵਿੱਚ 400 ਤੋਂ ਵੱਧ ਲੋਕ ਮਾਰੇ ਗਏ ਅਤੇ 250 ਤੋਂ ਵੱਧ ਹੋਰ ਜ਼ਖਮੀ ਹੋ ਗਏ। ਭਾਰਤ ਨੇ ਕਿਹਾ ਕਿ ਪਾਕਿਸਤਾਨ ਦੁਆਰਾ ਕੀਤਾ ਗਿਆ ਘਿਨਾਉਣਾ ਹਮਲਾ ਅਫਗਾਨਿਸਤਾਨ ਦੀ ਪ੍ਰਭੂਸੱਤਾ 'ਤੇ ਇੱਕ "ਸਪੱਸ਼ਟ ਹਮਲਾ" ਵੀ ਹੈ ਅਤੇ ਖੇਤਰੀ ਸ਼ਾਂਤੀ ਅਤੇ ਸਥਿਰਤਾ ਲਈ ਸਿੱਧਾ ਖ਼ਤਰਾ ਹੈ। ਸੰਵੇਦਨਾ ਪ੍ਰਗਟ ਕਰਦੇ ਹੋਏ, ਵਿਦੇਸ਼ ਮੰਤਰਾਲੇ ਨੇ ਕਿਹਾ, ਭਾਰਤ ਦੁਖੀ ਪਰਿਵਾਰਾਂ ਪ੍ਰਤੀ ਆਪਣੀ ਡੂੰਘੀ ਸੰਵੇਦਨਾ ਪ੍ਰਗਟ ਕਰਦਾ ਹੈ, ਜ਼ਖਮੀਆਂ ਦੀ ਜਲਦੀ ਸਿਹਤਯਾਬੀ ਦੀ ਕਾਮਨਾ ਕਰਦਾ ਹੈ, ਅਤੇ ਇਸ ਦੁਖਦਾਈ ਪਲ ਵਿੱਚ ਅਫਗਾਨਿਸਤਾਨ ਦੇ ਲੋਕਾਂ ਨਾਲ ਏਕਤਾ ਵਿੱਚ ਖੜ੍ਹਾ ਹੈ। ਅਸੀਂ ਅਫਗਾਨਿਸਤਾਨ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਲਈ ਆਪਣੇ ਸਮਰਥਨ ਨੂੰ ਵੀ ਦੁਹਰਾਉਂਦੇ ਹਾਂ।

# ਅਮਰੀਕਾ 'ਚ ਡਾਕਟਰਾਂ ਲਈ ਪ੍ਰਸਤਾਵਿਤ 1,00,000 ਡਾਲਰ ਦੀ ਐੱਚ-1ਬੀ ਵੀਜ਼ਾ ਫੀਸ ਤੋਂ ਛੋਟ ਦਿਵਾਉਣ ਲਈ ਬਿੱਲ ਪੇਸ਼

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ 'ਚ ਕੰਮ ਕਰ ਰਹੇ ਵਿਦੇਸ਼ੀ ਡਾਕਟਰਾਂ ਅਤੇ ਸਿਹਤ ਕਰਮਚਾਰੀਆਂ, ਜਿਨ੍ਹਾਂ ਵਿਚ ਵੱਡੀ ਗਿਣਤੀ ਭਾਰਤੀਆਂ ਦੀ ਹੈ, ਲਈ ਇੱਕ ਵੱਡੀ ਰਾਹਤ ਭਰੀ ਖ਼ਬਰ ਸਾਹਮਣੇ ਆਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅਮਰੀਕੀ ਸੰਸਦ ਮੈਂਬਰਾਂ ਦੇ ਇੱਕ ਸਮੂਹ ਨੇ ਇੱਕ ਨਵਾਂ ਬਿੱਲ ਪੇਸ਼ ਕੀਤਾ ਹੈ, ਜਿਸ ਦਾ ਉਦੇਸ਼ ਡਾਕਟਰਾਂ ਅਤੇ ਸਿਹਤ ਸੰਭਾਲ ਕਰਮਚਾਰੀਆਂ ਨੂੰ ਪ੍ਰਸਤਾਵਿਤ 1,00,000 ਡਾਲਰ (ਕਰੀਬ 83 ਲੱਖ ਰੁਪਏ) ਦੀ ਐੱਚ-1ਬੀ ਵੀਜ਼ਾ ਫੀਸ ਤੋਂ ਛੋਟ ਦਿਵਾਉਣਾ ਹੈ। "ਡਾਕਟਰਾਂ ਅਤੇ ਸਿਹਤ ਸੰਭਾਲ ਕਾਰਜਬਲ ਲਈ ਐੱਚ-1ਬੀ ਐਕਟ" ਨਾਮਕ ਇਸ ਕਾਨੂੰਨ ਦਾ ਉਦੇਸ਼ ਉਨ੍ਹਾਂ ਹਸਪਤਾਲਾਂ ਅਤੇ ਸਿਹਤ ਪ੍ਰਣਾਲੀਆਂ ਲਈ ਵਿੱਤੀ ਰੁਕਾਵਟਾਂ ਨੂੰ ਦੂਰ ਕਰਨਾ ਹੈ, ਜੋ ਵਿਦੇਸ਼ੀ ਸਿਖਲਾਈ ਪ੍ਰਾਪਤ ਡਾਕਟਰਾਂ 'ਤੇ ਨਿਰਭਰ ਕਰਦੇ ਹਨ। ਸੰਸਦ ਮੈਂਬਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਇੰਨੀ ਭਾਰੀ ਫੀਸ ਨਾਲ ਦੇਸ਼ ਵਿਚ ਡਾਕਟਰਾਂ ਦੀ ਘਾਟ ਹੋਰ ਡੂੰਘੀ ਹੋ ਸਕਦੀ ਹੈ ਅਤੇ ਆਮ ਲੋਕਾਂ ਲਈ ਇਲਾਜ ਕਰਵਾਉਣਾ ਮੁਸ਼ਕਲ ਹੋ ਜਾਵੇਗਾ। ਸੰਸਦ ਮੈਂਬਰ ਸੈਨਫੋਰਡ ਬਿਸ਼ਪ ਨੇ ਕਿਹਾ ਕਿ 1 ਲੱਖ ਡਾਲਰ ਦੀ ਫੀਸ ਪੇਂਡੂ ਖੇਤਰਾਂ ਦੇ ਹਸਪਤਾਲਾਂ ਲਈ ਵੱਡੀ ਮਾਰ ਹੋਵੇਗੀ, ਜਿਸ ਨਾਲ ਉਨ੍ਹਾਂ ਲਈ ਮਾਹਰ ਡਾਕਟਰਾਂ ਦੀ ਭਰਤੀ ਕਰਨਾ ਨਾਮੁਮਕਿਨ ਹੋ ਜਾਵੇਗਾ। ਅੰਕੜਿਆਂ ਅਨੁਸਾਰ, ਲਗਭਗ 8.7 ਕਰੋੜ ਅਮਰੀਕੀ ਅਜਿਹੇ ਖੇਤਰਾਂ ਵਿਚ ਰਹਿੰਦੇ ਹਨ, ਜਿੱਥੇ ਪਹਿਲਾਂ ਹੀ ਸਿਹਤ ਸਹੂਲਤਾਂ ਦੀ ਭਾਰੀ ਕਮੀ ਹੈ। ਅਮਰੀਕਨ ਮੈਡੀਕਲ ਐਸੋਸੀਏਸ਼ਨ (ਏ.ਐੱਮ.ਏ.) ਸਮੇਤ ਕਈ ਵੱਡੀਆਂ ਸੰਸਥਾਵਾਂ ਨੇ ਇਸ ਬਿੱਲ ਦਾ ਸਮਰਥਨ ਕੀਤਾ ਹੈ। 'ਫਿਜ਼ੀਸ਼ੀਅਨਜ਼ ਫਾਰ ਅਮਰੀਕਨ ਹੈਲਥਕੇਅਰ ਐਕਸੈਸ' ਦੇ ਡਾਕਟਰ ਰਾਮ ਆਲੂਰ ਨੇ ਕਿਹਾ ਕਿ ਇਹ ਫੀਸ ਉਨ੍ਹਾਂ ਥਾਵਾਂ 'ਤੇ ਡਾਕਟਰਾਂ ਦੀ ਸਪਲਾਈ ਨੂੰ ਕਮਜ਼ੋਰ ਕਰ ਸਕਦੀ ਹੈ, ਜਿੱਥੇ ਉਨ੍ਹਾਂ ਦੀ ਸਭ ਤੋਂ ਵੱਧ ਜ਼ਰੂਰਤ ਹੈ। ਜ਼ਿਕਰਯੋਗ ਹੈ ਕਿ ਇਹ ਭਾਰੀ ਫੀਸ ਇੱਕ ਰਾਸ਼ਟਰਪਤੀ ਘੋਸ਼ਣਾ ਰਾਹੀਂ ਲਗਾਈ ਗਈ ਸੀ। ਹਾਲਾਂਕਿ, ਸੰਸਦ ਮੈਂਬਰ ਮਾਈਕ ਲਾਲਰ ਨੇ ਕਿਹਾ ਕਿ ਰਾਸ਼ਟਰੀ ਹਿੱਤ ਨੂੰ ਦੇਖਦੇ ਹੋਏ ਸਿਹਤ ਕਰਮਚਾਰੀਆਂ ਨੂੰ ਇਸ ਤੋਂ ਬਾਹਰ ਰੱਖਣਾ ਬੇਹੱਦ ਜ਼ਰੂਰੀ ਹੈ ਕਿਉਂਕਿ ਹਸਪਤਾਲ ਨਵੇਂ ਪ੍ਰਵਾਸੀ ਕਾਮਿਆਂ ਲਈ ਇੰਨੀ ਵੱਡੀ ਰਕਮ ਨਹੀਂ ਚੁਕਾ ਸਕਦੇ। ਜੇਕਰ ਇਹ ਬਿੱਲ ਪਾਸ ਹੋ ਜਾਂਦਾ ਹੈ, ਤਾਂ ਇਹ ਅਮਰੀਕਾ ਵਿਚ ਸੇਵਾਵਾਂ ਦੇ ਰਹੇ ਹਜ਼ਾਰਾਂ ਭਾਰਤੀ ਡਾਕਟਰਾਂ ਅਤੇ ਉੱਥੋਂ ਦੇ ਸਿਹਤ ਢਾਂਚੇ ਲਈ ਇੱਕ ਵੱਡੀ ਜਿੱਤ ਹੋਵੇਗੀ।

# ਅਮਰੀਕਾ ਦਾ ਕੁੱਲ ਕਰਜ਼ਾ ਹੁਣ 39 ਟ੍ਰਿਲੀਅਨ ਡਾਲਰ ਦੇ ਅੰਕੜੇ ਦੇ ਪਾਰ!

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਨੂੰ ਇਜ਼ਰਾਈਲ ਨਾਲ ਮਿਲ ਕੇ ਇਰਾਨ ਖ਼ਿਲਾਫ਼ ਛੇੜੀ ਹੋਈ ਜੰਗ ਮਹਿੰਗੀ ਪੈਂਦੀ ਦਿਖਾਈ ਦੇ ਰਹੀ ਹੈ। ਇਸੇ ਜੰਗ ਦਰਮਿਆਨ ਅਮਰੀਕਾ ਦੀ ਮੌਜੂਦਾ ਵਿੱਤੀ ਹਾਲਤ ਬਾਰੇ ਇੱਕ ਹੈਰਾਨੀਜਨਕ ਅੰਕੜਾ ਸਾਹਮਣੇ ਆਇਆ ਹੈ। ਤਾਜ਼ਾ ਰਿਪੋਰਟਾਂ ਅਨੁਸਾਰ, ਅਮਰੀਕਾ ਦਾ ਕੁੱਲ ਕਰਜ਼ਾ ਹੁਣ 39 ਟ੍ਰਿਲੀਅਨ ਡਾਲਰ ਦੇ ਅੰਕੜੇ ਨੂੰ ਪਾਰ ਕਰ ਗਿਆ ਹੈ। ਇਹ ਵਾਧਾ ਅਜਿਹੇ ਸਮੇਂ ਹੋਇਆ ਹੈ, ਜਦੋਂ ਦੇਸ਼ ਪਹਿਲਾਂ ਹੀ ਵਧਦੀ ਮਹਿੰਗਾਈ ਅਤੇ ਅੰਤਰਰਾਸ਼ਟਰੀ ਜੰਗ ਦੇ ਆਰਥਿਕ ਪ੍ਰਭਾਵਾਂ ਨਾਲ ਜੂਝ ਰਿਹਾ ਹੈ। ਮੱਧ-ਪੂਰਬ ਵਿਚ ਚੱਲ ਰਹੀ ਜੰਗ ਅਤੇ ਇਰਾਨ ਵਿਰੁੱਧ ਫੌਜੀ ਕਾਰਵਾਈਆਂ ਕਾਰਨ ਅਮਰੀਕਾ ਦੇ ਰੱਖਿਆ ਬਜਟ 'ਤੇ ਭਾਰੀ ਦਬਾਅ ਪੈ ਰਿਹਾ ਹੈ। ਫੈਡਰਲ ਰਿਜ਼ਰਵ ਵੱਲੋਂ ਵਿਆਜ ਦਰਾਂ ਨੂੰ ਉੱਚੇ ਪੱਧਰ 'ਤੇ ਰੱਖਣ ਕਾਰਨ, ਪੁਰਾਣੇ ਕਰਜ਼ੇ 'ਤੇ ਵਿਆਜ ਦਾ ਭੁਗਤਾਨ ਕਰਨਾ ਸਰਕਾਰ ਲਈ ਹੋਰ ਮਹਿੰਗਾ ਹੋ ਗਿਆ ਹੈ। ਰਾਸ਼ਟਰਪਤੀ ਟਰੰਪ ਦੀਆਂ ਨਵੀਆਂ ਟੈਰਿਫ ਨੀਤੀਆਂ ਨੇ ਜਿੱਥੇ ਕੁਝ ਖੇਤਰਾਂ ਨੂੰ ਲਾਭ ਪਹੁੰਚਾਇਆ ਹੈ, ਉੱਥੇ ਹੀ ਨਿਰਮਾਣ ਖੇਤਰ ਵਿੱਚ ਲਾਗਤ ਵਧਣ ਕਾਰਨ ਆਰਥਿਕ ਸੰਤੁਲਨ ਪ੍ਰਭਾਵਿਤ ਹੋਇਆ ਹੈ। ਜੇਕਰ ਖਰਚਿਆਂ ਨੂੰ ਕੰਟਰੋਲ ਨਾ ਕੀਤਾ ਗਿਆ, ਤਾਂ ਇਸ ਦਾ ਅਸਰ ਨਾ ਸਿਰਫ਼ ਅਮਰੀਕਾ ਸਗੋਂ ਪੂਰੀ ਦੁਨੀਆਂ ਦੀ ਆਰਥਿਕਤਾ 'ਤੇ ਦੇਖਣ ਨੂੰ ਮਿਲ ਸਕਦਾ ਹੈ।

# ਈਰਾਨ ਵੱਲੋਂ 'ਪਾਰਕ, ਮਨੋਰੰਜਨ ਖੇਤਰ ਅਤੇ ਸੈਰ ਸਪਾਟਾ ਸਥਾਨ' ਨੂੰ ਨਿਸ਼ਾਨਾ ਬਣਾਉਣ ਦੀ ਚਿਤਾਵਨੀ

ਤਹਿਰਾਨ
ਸਾਂਝੀ ਸੋਚ ਬਿਊਰੋ

ਈਰਾਨ ਦੇ ਚੋਟੀ ਦੇ ਫੌਜੀ ਬੁਲਾਰੇ ਨੇ ਸ਼ੁੱਕਰਵਾਰ ਨੂੰ ਇੱਕ ਬੇਹੱਦ ਚਿੰਤਾਜਨਕ ਚਿਤਾਵਨੀ ਜਾਰੀ ਕਰਦਿਆਂ ਕਿਹਾ ਹੈ ਕਿ ਦੁਨੀਆਂ ਭਰ ਦੇ "ਪਾਰਕ, ਮਨੋਰੰਜਨ ਖੇਤਰ ਅਤੇ ਸੈਰ-ਸਪਾਟਾ ਸਥਾਨ" ਹੁਣ ਤੇਹਰਾਨ ਦੇ ਦੁਸ਼ਮਣਾਂ ਲਈ ਸੁਰੱਖਿਅਤ ਨਹੀਂ ਰਹਿਣਗੇ। ਇਹ ਧਮਕੀ ਅਜਿਹੇ ਸਮੇਂ ਆਈ ਹੈ, ਜਦੋਂ ਈਰਾਨ ਲਗਾਤਾਰ ਅਮਰੀਕੀ ਅਤੇ ਇਜ਼ਰਾਈਲੀ ਹਵਾਈ ਹਮਲਿਆਂ ਦਾ ਸਾਹਮਣਾ ਕਰ ਰਿਹਾ ਹੈ। ਜਨਰਲ ਅਬੋਲਫਜ਼ਲ ਸ਼ੇਕਰਚੀ ਨੇ ਇੱਕ ਅਧਿਕਾਰਤ ਬਿਆਨ ਵਿਚ ਕਿਹਾ, "ਹੁਣ ਤੋਂ, ਸਾਡੇ ਕੋਲ ਤੁਹਾਡੇ ਬਾਰੇ ਜੋ ਜਾਣਕਾਰੀ ਹੈ, ਉਸ ਦੇ ਆਧਾਰ 'ਤੇ ਦੁਨੀਆਂ ਵਿਚ ਕਿਤੇ ਵੀ ਸਥਿਤ ਪਾਰਕ, ਮਨੋਰੰਜਨ ਖੇਤਰ ਅਤੇ ਸੈਰ-ਸਪਾਟਾ ਸਥਾਨ ਤੁਹਾਡੇ ਲਈ ਸੁਰੱਖਿਅਤ ਨਹੀਂ ਰਹਿਣਗੇ"। ਈਰਾਨੀ ਸਰਕਾਰੀ ਟੈਲੀਵਿਜ਼ਨ ਦੁਆਰਾ ਪ੍ਰਕਾਸ਼ਿਤ ਇਸ ਬਿਆਨ ਨੇ ਵਿਸ਼ਵ ਪੱਧਰ 'ਤੇ ਚਿੰਤਾਵਾਂ ਵਧਾ ਦਿੱਤੀਆਂ ਹਨ। ਮਾਹਰਾਂ ਦਾ ਮੰਨਣਾ ਹੈ ਕਿ ਜਿਵੇਂ-ਜਿਵੇਂ ਜੰਗ ਲੰਬੀ ਖਿੱਚ ਰਹੀ ਹੈ, ਈਰਾਨ ਮੱਧ ਪੂਰਬ ਤੋਂ ਬਾਹਰ ਵੀ ਖਾੜਕੂ ਹਮਲਿਆਂ ਨੂੰ ਇੱਕ ਦਬਾਅ ਦੀ ਰਣਨੀਤੀ ਵਜੋਂ ਵਰਤ ਸਕਦਾ ਹੈ। ਇਸ ਧਮਕੀ ਨੇ ਉਨ੍ਹਾਂ ਖ਼ਦਸ਼ਿਆਂ ਨੂੰ ਮੁੜ ਸੁਰਜੀਤ ਕਰ ਦਿੱਤਾ ਹੈ ਕਿ ਈਰਾਨ ਆਪਣੇ ਦੁਸ਼ਮਣਾਂ ਨੂੰ ਨਿਸ਼ਾਨਾ ਬਣਾਉਣ ਲਈ ਗਲੋਬਲ ਸੈਰ-ਸਪਾਟਾ ਸਥਾਨਾਂ ਦੀ ਵਰਤੋਂ ਕਰ ਸਕਦਾ ਹੈ। ਫਿਲਹਾਲ, ਇਸ ਬਿਆਨ ਤੋਂ ਬਾਅਦ ਦੁਨੀਆਂ ਭਰ ਦੇ ਪ੍ਰਮੁੱਖ ਸੈਰ-ਸਪਾਟਾ ਦੇਸ਼ਾਂ ਵਿਚ ਸੁਰੱਖਿਆ ਨੂੰ ਲੈ ਕੇ ਚੌਕਸੀ ਵਧਣ ਦੀ ਸੰਭਾਵਨਾ ਹੈ।

# ਸੈਨ ਹੋਜ਼ੇ ਗੁਰਦੁਆਰਾ ਸਾਹਿਬ ਦੀ ਕਮੇਟੀ ਵੱਲੋਂ ਸੰਗਤ ਨੂੰ ਹੋਲਾ ਮਹੱਲਾ ਜਸ਼ਨਾਂ 'ਚ ਸ਼ਾਮਲ ਹੋਣ ਦੀ ਅਪੀਲ

## 22 ਮਾਰਚ ਨੂੰ ਮਨਾਇਆ ਜਾਵੇਗਾ ਹੋਲਾ ਮਹੱਲਾ



ਸੈਨ ਹੋਜ਼ੇ
ਸਾਂਝੀ ਸੋਚ ਬਿਊਰੋ

22 ਮਾਰਚ ਨੂੰ ਸੈਨ ਹੋਜ਼ੇ ਗੁਰਦੁਆਰੇ ਵਿਖੇ 2026 ਦੇ ਹੋਲਾ ਮਹੱਲਾ ਜਸ਼ਨਾਂ ਦੇ ਉਤਸ਼ਾਹ ਵਿੱਚ ਸ਼ਾਮਲ ਹੋਣ ਲਈ ਗੁਰਦੁਆਰਾ ਸਾਹਿਬ ਦੀ ਕਮੇਟੀ ਵੱਲੋਂ ਸਾਰੀ ਸੰਗਤ ਨੂੰ ਅਪੀਲ ਕੀਤੀ ਗਈ ਹੈ।
ਕਮੇਟੀ ਵੱਲੋਂ ਸੰਗਤ ਨੂੰ ਵਲੰਟੀਅਰ ਵਜੋਂ ਯੋਗਦਾਨ ਪਾਉਣ ਲਈ ਸੱਦਾ ਦਿੱਤਾ ਗਿਆ ਹੈ। ਜਿਸ ਵਿੱਚ ਸਵੇਰ ਦੇ ਸੈਸ਼ਨ ਸਵੇਰੇ 8:30 ਵਜੇ ਤੋਂ 11:30 ਵਜੇ ਤੱਕ ਅਤੇ ਸ਼ਾਮ ਦੇ ਸੈਸ਼ਨ ਸ਼ਾਮ 5:30 ਵਜੇ ਤੋਂ 7:00 ਵਜੇ ਤੱਕ ਹੋਣਗੇ। ਸ਼ਨੀਵਾਰ ਦਾ ਪ੍ਰੋਗਰਾਮ ਪੂਰੇ ਦਿਨ ਦਾ ਹੋਵੇਗਾ। ਕਮੇਟੀ ਵੱਲੋਂ ਕਿਹਾ ਗਿਆ ਹੈ ਕਿ ਸਾਨੂੰ ਕਾਫ਼ੀ ਗਿਣਤੀ ਵਿੱਚ ਵਲੰਟੀਅਰਾਂ ਦੀ ਲੋੜ ਹੋਵੇਗੀ, ਇਸ ਲਈ ਕਿਰਪਾ ਕਰਕੇ ਸਾਡੇ ਨਾਲ ਜੁੜੋ।

*In Loving Memory of*



# *Dilbagh Singh Mattu*

12-15-1932 – 3-15-2026

Monday, March 23rd 2026 - 11am

**Ullrey Memorial Chapel**

817 Almond St. • Yuba City, CA 95991

*Followed by Antim Ardaas*

**Live Oak Sikh Temple**

9939 P St. • Live Oak, CA 95953


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# ਤੱਟ ਨਾਲ ਟਕਰਾ ਸਕਦਾ ਹੈ ਭਿਆਨਕ ਚੱਕਰਵਾਤ, ਚੇਤਾਵਨੀ ਜਾਰੀ

ਮੈਲਬੌਰਨ
ਸਾਂਝੀ ਸੋਚ ਬਿਊਰੋ



ਆਸਟ੍ਰੇਲੀਆ ਵਿੱਚ ਭਿਆਨਕ ਚੱਕਰਵਾਤ 'ਨਾਰੇਲ' ਦੇ ਤੱਟ ਨਾਲ ਟਕਰਾਉਣ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਮੌਸਮ ਵਿਭਾਗ ਦੇ ਅਨੁਸਾਰ, ਇਹ ਤੂਫ਼ਾਨ ਤੇਜ਼ ਹਵਾਵਾਂ ਅਤੇ ਭਾਰੀ ਬਾਰਿਸ਼ ਦੇ ਨਾਲ ਤੱਟੀ ਇਲਾਕਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਖਾਸ ਕਰਕੇ ਆਸਟ੍ਰੇਲੀਆ ਦੇ ਉੱਤਰੀ ਅਤੇ ਪੱਛਮੀ ਹਿੱਸਿਆਂ ਵਿੱਚ ਖਤਰਾ ਵੱਧ ਦੱਸਿਆ ਜਾ ਰਿਹਾ ਹੈ। ਹਵਾਵਾਂ 270 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਚੱਲ ਸਕਦੀਆਂ ਹਨ। ਮੌਸਮ ਵਿਭਾਗ ਦੇ ਅਨੁਸਾਰ ਗੰਭੀਰ ਚੱਕਰਵਾਤ 'ਨਾਰੇਲ', ਕੇਪ ਯਾਰਕ ਪ੍ਰਾਇਦੀਪ 'ਤੇ ਕੋਏਨ ਇਲਾਕੇ ਵੱਲ ਤੇਜ਼ੀ ਨਾਲ ਵੱਧ ਰਿਹਾ ਹੈ।ਅਧਿਕਾਰੀਆਂ ਵੱਲੋਂ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਰਹਿਣ ਅਤੇ ਬੇਵਜ੍ਹਾ ਬਾਹਰ ਨਾ ਨਿਕਲਣ ਦੀ ਸਲਾਹ ਦਿੱਤੀ ਗਈ ਹੈ। ਤੱਟੀ ਇਲਾਕਿਆਂ ਵਿੱਚ ਰਾਹਤ ਟੀਮਾਂ ਨੂੰ ਅਲਰਟ 'ਤੇ ਰੱਖਿਆ ਗਿਆ ਹੈ ਅਤੇ ਐਮਰਜੈਂਸੀ ਸੇਵਾਵਾਂ ਨੂੰ ਤਿਆਰ ਰਹਿਣ ਲਈ ਕਿਹਾ ਗਿਆ ਹੈ। ਇਸ ਚੱਕਰਵਾਤ ਨਾਲ ਸਮੁੰਦਰੀ ਲਹਿਰਾਂ ਵਿੱਚ ਵੀ ਵੱਡਾ ਉਛਾਲ ਆ ਸਕਦਾ ਹੈ, ਜਿਸ ਨਾਲ ਹੜ੍ਹ ਦਾ ਖਤਰਾ ਬਣ ਸਕਦਾ ਹੈ। ਮੌਸਮ ਵਿਭਾਗ ਮੁਤਾਬਕ, ਅੱਜ ਇਹ ਚੱਕਰਵਾਤ ਕੈਟੇਗਰੀ 4 ਵਿੱਚ ਬਦਲ ਗਿਆ ਸੀ, ਜੋ ਲਗਭਗ 21 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਤੱਟ ਵੱਲ ਵੱਧ ਰਿਹਾ ਹੈ। ਪਰ ਇਸਦੇ ਕੇਂਦਰ ਵਿੱਚ ਹਵਾਵਾਂ ਦੀ ਰਫ਼ਤਾਰ ਅਜੇ ਵੀ 195 ਤੋਂ 270 ਕਿਲੋਮੀਟਰ ਪ੍ਰਤੀ ਘੰਟੇ ਦੇ ਵਿਚਕਾਰ ਦਰਜ ਕੀਤੀ ਗਈ ਹੈ।

# ਪੈਟਰੋਲ ਤੋਂ ਬਾਅਦ ਹੁਣ ਡੀਜ਼ਲ ਵੀ ਹੋਇਆ ਮਹਿੰਗਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ




ਈਰਾਨ-ਇਜ਼ਰਾਈਲ ਵਿੱਚ ਚੱਲ ਰਹੇ ਤਣਾਅ ਕਾਰਨ ਦੁਨੀਆ ਦੇ ਕਈ ਦੇਸ਼ਾਂ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ। ਇਸਦਾ ਅਸਰ ਹੁਣ ਭਾਰਤ ਵਿੱਚ ਵੀ ਦਿਖਾਈ ਦੇਣ ਲੱਗਾ ਹੈ। ਕੱਚੇ ਤੇਲ ਦੀਆਂ ਕੀਮਤਾਂ ਚ ਜਾਰੀ ਉਤਰਾਅ ਚੜ੍ਹਾਅ ਦੇ ਵਿਚਕਾਰ ਪੈਟਰੋਲ-ਡੀਜ਼ਲ ਦੀਆਂ ਦਰਾਂ ਵਿੱਚ ਇੱਕ ਤੋਂ ਬਾਅਦ ਇੱਕ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਪਹਿਲਾਂ ਜਿੱਥੇ ਪਾਵਰ ਪੈਟਰੋਲ ਦੇ ਰੇਟ 2 ਰੁਪਏ ਤੱਕ ਵਧ ਗਏ ਸਨ, ਹੁਣ ਇੰਡਸਟਰੀਅਲ ਡੀਜ਼ਲ ਵੀ ਮਹਿੰਗਾ ਹੋ ਗਿਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਉਦਯੋਗਿਕ ਡੀਜ਼ਲ 22 ਰੁਪਏ ਮਹਿੰਗਾ ਹੋ ਗਿਆ ਹੈ। ਹਾਲਾਂਕਿ, ਨਿਯਮਤ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਕੋਈ ਬਦਲਾਅ ਨਹੀਂ ਹੋਇਆ ਹੈ। ਤੇਲ ਕੰਪਨੀਆਂ ਦੁਆਰਾ ਦਿੱਤੀ ਗਈ ਜਾਣਕਾਰੀ ਦੇ ਅਨੁਸਾਰ, ਇਹ ਵਧੀਆਂ ਕੀਮਤਾਂ ਅੱਜ ਸ਼ੁੱਕਰਵਾਰ, 20 ਮਾਰਚ ਤੋਂ ਲਾਗੂ ਹੋ ਗਈਆਂ ਹਨ।ਇੰਡੀਅਨ ਆਇਲ ਕਾਰਪੋਰੇਸ਼ਨਨੇ ਵਧੀਆਂ ਹੋਈਆਂ ਕੀਮਤਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੰਡਸਟਰੀਅਲ ਡੀਜ਼ਲ ਦੇ ਰੇਟ ਹੁਣ 87.67 ਰੁਪਏ ਤੋਂ ਵਧ ਕੇ 109.59 ਰੁਪਏ ਪ੍ਰਤੀ ਲੀਟਰ ਹੋ ਗਏ ਹਨ। ਇਸ ਵਾਧੇ ਦਾ ਸਿੱਧਾ ਅਸਰ ਟ੍ਰਾਂਸਪੋਰਟ ਅਤੇ ਬਿਜਲੀ ਉਤਪਾਦਨ ਦੀ ਲਾਗਤ 'ਤੇ ਪਵੇਗਾ। ਦੱਸ ਦਈਏ ਕਿ ਇੰਡਸਟਰੀਅਲ ਡੀਜ਼ਲ ਆਮ ਗੱਡੀਆਂ ਵਿੱਚ ਨਹੀਂ ਭਰਿਆ ਜਾਂਦਾ। ਇਹ ਸਿਰਫ਼ ਫੈਕਟਰੀਆਂ, ਕਾਰਖਾਨਿਆਂ ਅਤੇ ਵੱਡੇ ਉਦਯੋਗਿਕ ਕੰਮਾਂ ਵਿੱਚ ਵਰਤਿਆ ਜਾਂਦਾ ਹੈ।ਇਸਨੂੰ ਇੰਡਸਟਰੀਅਲ ਜਾਂ ਬਲਕ ਡੀਜ਼ਲ ਵੀ ਕਿਹਾ ਜਾਂਦਾ ਹੈ। ਡੀਜ਼ਲ ਦੀਆਂ ਵਧਦੀਆਂ ਕੀਮਤਾਂ ਦਾ ਅਸਰ ਦੇਸ਼ ਵਿੱਚ ਵੱਡੇ ਪੱਧਰ 'ਤੇ ਹੋਵੇਗਾ। ਕੰਪਨੀਆਂ ਦੀ ਲਾਗਤ ਵਧਣ ਨਾਲ ਮੁਨਾਫ਼ਾ ਘੱਟ ਸਕਦਾ ਹੈ ਅਤੇ ਇਸਦਾ ਅਸਰ ਆਮ ਲੋਕਾਂ ਤੇ ਪੈ ਸਕਦਾ ਹੈ।

# ਇਸਲਾਮਿਕ ਰਿਵੋਲਿਊਸ਼ਨਰੀ ਗਾਰਡ ਕਾਰਪਸ ਦੇ ਬੁਲਾਰੇ ਅਲੀ ਮੁਹੰਮਦ ਨੈਨੀ ਦੀ ਇਜ਼ਰਾਈਲੀ ਹਮਲੇ 'ਚ ਮੌਤ

ਤਹਿਰਾਨ
ਸਾਂਝੀ ਸੋਚ ਬਿਊਰੋ



ਈਰਾਨ ਦੇ ਇਸਲਾਮਿਕ ਰਿਵੋਲਿਊਸ਼ਨਰੀ ਗਾਰਡ ਕਾਰਪਸ ਦੇ ਬੁਲਾਰੇ ਜਨਰਲ ਅਲੀ ਮੁਹੰਮਦ ਨੈਨੀ ਦੀ ਸ਼ੁੱਕਰਵਾਰ ਨੂੰ ਇਜ਼ਰਾਇਲੀ ਹਵਾਈ ਹਮਲੇ ਵਿੱਚ ਮੌਤ ਹੋ ਗਈ। ਇਸਲਾਮਿਕ ਰਿਵੋਲਿਊਸ਼ਨਰੀ ਗਾਰਡ ਕਾਰਪਸ ਨੇ ਇੱਕ ਬਿਆਨ ਜਾਰੀ ਕਰਕੇ ਉਨ੍ਹਾਂ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਰਿਪੋਰਟਾਂ ਦੇ ਮੁਤਾਬਕ, ਨੈਨੀ ਨੂੰ ਹਾਲ ਹੀ ਵਿੱਚ ਹੋਏ ਇੱਕ ਹਮਲੇ ਵਿੱਚ ਨਿਸ਼ਾਨਾ ਬਣਾਇਆ ਗਿਆ ਸੀ।

ਇਸਲਾਮਿਕ ਰਿਵੋਲਿਊਸ਼ਨਰੀ ਗਾਰਡ ਕਾਰਪਸ ਈਰਾਨ ਦੀ ਸਭ ਤੋਂ ਸ਼ਕਤੀਸ਼ਾਲੀ ਫੌਜੀ ਅਤੇ ਆਰਥਿਕ ਸੰਸਥਾ ਹੈ, ਜੋ ਸਿੱਧੇ ਤੌਰ 'ਤੇ ਸੁਪਰੀਮ ਲੀਡਰ ਨੂੰ ਰਿਪੋਰਟ ਕਰਦੀ ਹੈ।ਇਹ ਹਮਲਾ ਅਜਿਹੇ ਸਮੇਂ ਹੋਇਆ ਹੈ ਜਦੋਂ ਅਮਰੀਕੀ ਅਤੇ ਇਜ਼ਰਾਈਲੀ ਫੌਜਾਂ 'ਆਪ੍ਰੇਸ਼ਨ ਐਪਿਕ ਫਿਊਰੀ' ਦੇ ਤਹਿਤ ਈਰਾਨ ਦੇ ਰਣਨੀਤਕ ਸਥਾਨਾਂ ਅਤੇ ਲੀਡਰਸ਼ਿਪ ਨੂੰ ਲਗਾਤਾਰ ਨਿਸ਼ਾਨਾ ਬਣਾ ਰਹੀਆਂ ਹਨ। ਦੱਸ ਦੇਈਏ ਕਿ ਅਲੀ ਮੁਹੰਮਦ ਨੈਨੀ ਦੀ ਮੌਤ ਇਸ ਹਫ਼ਤੇ ਈਰਾਨੀ ਲੀਡਰਸ਼ਿਪ ਲਈ ਚੌਥਾ ਸਭ ਤੋਂ ਵੱਡਾ ਨੁਕਸਾਨ ਹੈ। ਪਿਛਲੇ ਕੁਝ ਦਿਨਾਂ ਵਿੱਚ ਈਰਾਨ ਨੇ ਆਪਣੇ ਤਿੰਨ ਹੋਰ ਬਹੁਤ ਪ੍ਰਭਾਵਸ਼ਾਲੀ ਅਧਿਕਾਰੀਆਂ ਨੂੰ ਗੁਆ ਦਿੱਤਾ ਹੈ। ਸਾਬਕਾ ਸੰਸਦ ਸਪੀਕਰ ਅਤੇ ਸੀਨੀਅਰ ਸਲਾਹਕਾਰ ਅਲੀ ਲਾਰੀਜਾਨੀ, 'ਬਾਸਿਜ਼' ਵਲੰਟੀਅਰ ਫੋਰਸ ਦੇ ਮੁਖੀ ਗੁਲਾਮਰੇਜ਼ਾ ਸੁਲੇਮਾਨੀ ਅਤੇ ਈਰਾਨ ਦੇ ਖੁਫੀਆ ਮੰਤਰੀ ਇਸਮਾਈਲ ਖਤੀਬ ਦੀ ਜਾਨ ਇਨ੍ਹਾਂ ਹਮਲਿਆਂ ਵਿੱਚ ਜਾ ਚੁੱਕੀ ਹੈ

# ਮਮਤਾ ਬੈਨਰਜੀ ਨੇ ਜਾਰੀ ਕੀਤਾ ਮੈਨੀਫੈਸਟੋ

ਕੋਲਕਾਤਾ
ਸਾਂਝੀ ਸੋਚ ਬਿਊਰੋ

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਅਤੇ ਆਲ ਇੰਡੀਆ ਤ੍ਰਿਣਮੂਲ ਕਾਂਗਰਸ ਦੀ ਪ੍ਰਮੁੱਖ ਮਮਤਾ ਬੈਨਰਜੀ ਨੇ ਸ਼ੁੱਕਰਵਾਰ ਨੂੰ ਵਿਧਾਨ ਸਭਾ ਚੋਣਾਂ ਲਈ ਪਾਰਟੀ ਦਾ ਚੋਣ ਮਨੋਰਥ ਪੱਤਰ ਜਾਰੀ ਕੀਤਾ। ਮਮਤਾ ਨੇ ਲਕਸ਼ਮੀ ਭੰਡਾਰ ਯੋਜਨਾ ਦੇ ਤਹਿਤ ਔਰਤਾਂ ਨੂੰ ਹਰ ਮਹੀਨੇ ਮਿਲਣ ਵਾਲੀ ਸਹਾਇਤਾ ਰਾਸ਼ੀ ਵਿੱਚ 500-500 ਰੁਪਏ ਦਾ ਵਾਧਾ ਕਰਨ ਦਾ ਵਾਅਦਾ ਕੀਤਾ ਹੈ।ਮਨੋਰਥ ਪੱਤਰ ਦੇ ਅਨੁਸਾਰ, ਜੇਕਰ ਮਮਤਾ ਦੀ ਸਰਕਾਰ ਬਣੀ ਤਾਂ ਬੰਗਾਲ ਵਿੱਚ ਜਨਰਲ ਕੈਟੇਗਰੀ ਦੀਆਂ ਔਰਤਾਂ ਨੂੰ ਹਰ ਮਹੀਨੇ 1500 ਮਿਲਣਗੇ।

ਹੁਣ ਬੰਗਾਲ ਸਰਕਾਰ ਜਨਰਲ ਕੈਟੇਗਰੀ ਦੀਆਂ ਔਰਤਾਂ ਨੂੰ ਹਰ ਮਹੀਨੇ 1000 ਦਿੰਦੀ ਹੈ।

ਉੱਥੇ ਹੀ ਐਸਸੀ/ਐਸਟੀ ਔਰਤਾਂ ਨੂੰ 1700 ਪ੍ਰਤੀ ਮਹੀਨਾ ਦਿੱਤਾ ਜਾਵੇਗਾ। ਹੁਣ ਐਸਸੀ/ਐਸਟੀ ਔਰਤਾਂ ਨੂੰ 1200 ਮਿਲਦੇ ਹਨ। ਇਸ ਤੋਂ ਇਲਾਵਾ ਮਮਤਾ ਨੇ ਬੇਰੁਜ਼ਗਾਰ ਨੌਜਵਾਨਾਂ ਨੂੰ 1500 ਪ੍ਰਤੀ ਮਹੀਨਾ ਦੇਣ ਦਾ ਐਲਾਨ ਕੀਤਾ ਹੈ।

ਹਰ ਪਰਿਵਾਰ ਨੂੰ ਪੱਕਾ ਘਰ ਅਤੇ ਹਰ ਘਰ ਵਿੱਚ ਨਲ ਰਾਹੀਂ ਪੀਣ ਦਾ ਸਾਫ਼ ਪਾਣੀ ਪਹੁੰਚਾਉਣ ਦਾ ਵਾਅਦਾ ਵੀ ਕੀਤਾ ਗਿਆ ਹੈ।ਟੀਐਮਸੀ ਦੇ ਵਿਧਾਨ ਸਭਾ ਚੋਣਾਂ ਜਿੱਤਣ ਤੋਂ ਬਾਅਦ ਅਸੀਂ 'ਦੁਆਰੇ ਚਿਕਿਤਸਾ' (ਘਰ-ਘਰ ਜਾ ਕੇ ਡਾਕਟਰੀ ਸੇਵਾ) ਯੋਜਨਾ ਦੀ ਸ਼ੁਰੂਆਤ ਕਰਾਂਗੇ। ਅਸੀਂ ਇਸਨੂੰ ਹਰ ਬੂਥ 'ਤੇ ਸ਼ੁਰੂ ਕਰਾਂਗੇ ਅਤੇ ਲਗਾਤਾਰ 'ਦੁਆਰੇ ਚਿਕਿਤਸਾ' ਕੈਂਪਾਂ ਦਾ ਆਯੋਜਨ ਕਰਾਂਗੇ।ਮਮਤਾ ਬੈਨਰਜੀ ਨੇ ਚੋਣ ਮਨੋਰਥ ਪੱਤਰ ਜਾਰੀ ਕਰਦਿਆਂ ਕਿਹਾ ਕਿ ਸੂਬੇ ਵਿੱਚ ਬੱਚਿਆਂ ਦੀ ਸਿੱਖਿਆ ਨੂੰ ਹੋਰ ਬਿਹਤਰ ਅਤੇ ਵਿਸ਼ਵ ਪੱਧਰੀ ਬਣਾਉਣ ਲਈ ਹਜ਼ਾਰਾਂ ਸਕੂਲਾਂ ਨੂੰ ਈ-ਲਰਨਿੰਗ ਸਹੂਲਤਾਂ ਨਾਲ ਆਧੁਨਿਕ ਬਣਾਇਆ ਜਾਵੇਗਾ। ਆਉਣ ਵਾਲੇ ਦਿਨਾਂ ਵਿੱਚ ਅਸੀਂ 7-8 ਨਵੇਂ ਜ਼ਿਲ੍ਹੇ, ਬਲਾਕ ਅਤੇ ਇੱਥੋਂ ਤੱਕ ਕਿ ਨਵੀਆਂ ਨਗਰਪਾਲਿਕਾਵਾਂ ਵੀ ਬਣਾਵਾਂਗੇ।ਬੰਗਾਲ 'ਚ 23 ਅਤੇ 29 ਅਪ੍ਰੈਲ ਨੂੰ ਵੋਟਿੰਗ ਹੋਵੇਗੀ। ਪਹਿਲੇ ਪੜਾਅ ਦਾ ਨੋਟੀਫਿਕੇਸ਼ਨ 30 ਮਾਰਚ ਨੂੰ ਜਾਰੀ ਹੋਵੇਗਾ। 6 ਅਪ੍ਰੈਲ ਤੱਕ ਨਾਮਜ਼ਦਗੀ ਅਤੇ ਨਾਮ ਵਾਪਸੀ ਦੀ ਇਜਾਜ਼ਤ 9 ਅਪ੍ਰੈਲ ਤੱਕ ਹੋਵੇਗੀ।ਚੋਣ ਨਤੀਜੇ 4 ਮਈ 2026 ਨੂੰ ਆਉਣਗੇ।




APCA
American Petroleum and Convenience Store Association
Presents
Golf Tournament 2026
Supporting non- Profits
Children's Miracle Network
Wednesday, April 8th, 2026
Chardonnay Golf Course
American Canyon, CA 94503
Scan the QR code to register for the upcoming trade show.
This is a popular event, sells out quickly, please RSVP ASAP
Scan to Register


PROPANE
Coca-Cola
APCA
American Petroleum and Convenience Store Association
ANNUAL TRADE SHOW 2026
EXHIBITOR PACKAGE
April 9th, 2026
Sunrise Banquet Halls & Event Center
620 Orange Dr, Vacaville, CA 95687
Scan the QR code to register for the upcoming trade show.
It only takes a minute, and you're all set to join us!
Scan to Register

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੈਮਿਓਪੈਥਿਕ ਕਨਸਲਟੈਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.

## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

APCA
AMERICAN PETROLEUM AND CONVENIENCE STORE ASSOCIATION

INVITES YOU
GOLF TOURNAMENT 2026
APRIL 8, 2026
CHARDONNAY GOLF CLUB
NAPA COUNTY, CA 94503



SUPPORTING NON-PROFIT

Children's Miracle Network Hospitals
Change Kids' Health. Change the Future.



Followed by APCA's 12th Annual Trade Show

APCA is a non-profit grassroots, membership based community organization providing representation for small to medium sized enterprises.





Thursday
April 9, 2026
12:30 pm - 5:30 pm

Sunrise Banquet Hall & Events
620 Orange Drive
Vacaville, CA 95687

To register please click link below.

Register »

www.apca.us

For more information please contact: kewal@apca.us

# ਭਾਰਤ 'ਚ ਮਹਿੰਗਾ ਹੋ ਸਕਦੈ ਪੈਟਰੋਲ-ਡੀਜ਼ਲ !

**ਨਵੀਂ ਦਿੱਲੀ ਸਾਂਝੀ ਸੋਚ ਬਿਊਰੋ**

ਖਾੜੀ ਦੇਸ਼ਾਂ ਵਿੱਚ ਐਨਰਜੀ ਸਥਾਨਾ 'ਤੇ ਈਰਾਨ ਦੇ ਨਵੇਂ ਹਮਲਿਆਂ ਤੋਂ ਬਾਅਦ ਵਿਸ਼ਵ ਪੱਧਰ 'ਤੇ ਕੱਚੇ ਤੇਲ ਅਤੇ ਕੁਦਰਤੀ ਗੈਸ ਦੀਆਂ ਕੀਮਤਾਂ ਵਿੱਚ 30% ਤੱਕ ਦਾ ਵਾਧਾ ਹੋਇਆ ਹੈ। ਜੰਗ ਸ਼ੁਰੂ ਹੋਣ ਤੋਂ ਬਾਅਦ, ਭਾਰਤ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਲਗਭਗ ਦੁੱਗਣੀਆਂ ਹੋ ਗਈਆਂ ਹਨ। ਇਸ ਵਾਧੇ ਨਾਲ ਭਾਰਤ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ 10-15 ਰੁਪਏ ਦਾ ਵਾਧਾ ਹੋ ਸਕਦਾ ਹੈ। ਭਾਰਤ ਇਰਾਕ, ਸਾਊਦੀ ਅਰਬ, ਰੂਸ ਅਤੇ ਯੂਏਈ ਤੋਂ ਤੇਲ ਖਰੀਦਦਾ ਹੈ। ਇਨ੍ਹਾਂ ਵੱਖ-ਵੱਖ ਕਿਸਮਾਂ ਦੇ ਤੇਲ ਦੀ ਔਸਤ ਕੀਮਤ ਨੂੰ "ਇੰਡਿਯਨ ਬਾਸਕੇਟਟੋਕਰੀ" ਕਿਹਾ ਜਾਂਦਾ ਹੈ।

ਬੀਤੇ ਦਿਨ $146 ਰਿਕਾਰਡ ਪੱਧਰ 'ਤੇ ਪਹੁੰਚਣ ਤੋਂ ਬਾਅਦ, ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਕਾਫ਼ੀ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ। ਇਹ ਗਿਰਾਵਟ ਅਮਰੀਕਾ ਵੱਲੋਂ ਈਰਾਨੀ ਤੇਲ 'ਤੇ ਪਾਬੰਦੀ ਨੂੰ ਢਿੱਲ ਦੇਣ ਦੇ ਸੰਕੇਤ ਦੇਣ ਤੋਂ ਬਾਅਦ ਆਈ ਹੈ। ਈਰਾਨ ਅਤੇ ਇਜ਼ਰਾਈਲ ਵਿਚਕਾਰ ਚੱਲ ਰਹੀ ਜੰਗ ਕਾਰਨ ਵਧਦੇ ਤਣਾਅ ਦੇ ਵਿਚਕਾਰ ਪੱਛਮੀ ਏਸ਼ੀਆ ਵਿੱਚ ਤੇਲ ਦੀਆਂ ਕੀਮਤਾਂ ਰਿਕਾਰਡ ਪੱਧਰ 'ਤੇ ਪਹੁੰਚ ਗਈਆਂ ਹਨ। ਟਰੰਪ ਦੇ ਇਸ ਕਦਮ ਨੂੰ ਸਪਲਾਈ ਨੂੰ ਸਥਿਰ ਕਰਨ ਦੀ ਸ਼ੁਰੂਆਤ ਵਜੋਂ ਦੇਖਿਆ ਜਾ ਰਿਹਾ ਹੈ।

ਗਲੋਬਲ ਸ਼ਕਤੀਆਂ ਵੱਲੋਂ ਹੋਰਮੁਜ਼ ਜਲਡਮਰੂ ਰਾਹੀਂ ਕਾਰਗੋ ਆਵਾਜਾਈ ਨੂੰ ਸੁਰੱਖਿਅਤ ਕਰਨ ਦੀਆਂ ਕੋਸ਼ਿਸ਼ਾਂ ਦਾ ਸਮਰਥਨ ਕਰਨ ਤੋਂ ਬਾਅਦ ਅੰਤਰਰਾਸ਼ਟਰੀ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਗਿਰਾਵਟ ਆਈ। ਅੱਜ ਦੇ ਵਪਾਰਕ ਸੈਸ਼ਨ ਵਿੱਚ, ਬ੍ਰੈਂਟ ਕਰੂਡ $107 ਪ੍ਰਤੀ ਬੈਰਲ ਅਤੇ ਾਂਠੀ ਕਰੂਡ $94 ਪ੍ਰਤੀ ਬੈਰਲ 'ਤੇ ਦੇਖਿਆ ਗਿਆ। 28 ਫਰਵਰੀ ਨੂੰ ਯੁੱਧ ਸ਼ੁਰੂ ਹੋਣ ਤੋਂ ਬਾਅਦ ਕੱਚੇ ਤੇਲ ਦੀਆਂ ਕੀਮਤਾਂ ਅਸਥਿਰ ਰਹੀਆਂ ਹਨ। ਵੀਰਵਾਰ ਨੂੰ, ਬ੍ਰੈਂਟ ਕਰੂਡ ਦੀਆਂ ਕੀਮਤਾਂ $119 ਪ੍ਰਤੀ ਬੈਰਲ ਦੇ ਨੇੜੇ ਪਹੁੰਚ ਗਈਆਂ। ਹਾਲਾਂਕਿ, ਇਹ ਗਿਰਾਵਟ ਹੁਣ ਕੁਝ ਰਾਹਤ ਪ੍ਰਦਾਨ ਕਰ ਰਹੀ ਹੈ।

ਅਮਰੀਕੀ ਖਜ਼ਾਨਾ ਸਕੱਤਰ ਸਕਾਟ ਬੇਸੈਂਟ ਨੇ ਫੌਕਸ ਬਿਜ਼ਨਸ ਨੈੱਟਵਰਕ ਨਾਲ ਇੱਕ ਇੰਟਰਵਿਊ ਵਿੱਚ ਕਿਹਾ ਕਿ ਅਮਰੀਕਾ ਸਮੁੰਦਰ ਵਿੱਚ ਪਹਿਲਾਂ ਹੀ ਲੋਡ ਕੀਤੇ ਗਏ ਈਰਾਨੀ ਤੇਲ (ਲਗਭਗ 140 ਮਿਲੀਅਨ ਬੈਰਲ) 'ਤੇ ਪਾਬੰਦੀ ਹਟਾ ਸਕਦਾ ਹੈ। ਇਸ ਨਾਲ ਕੀਮਤਾਂ ਵਿੱਚ ਗਿਰਾਵਟ ਆਵੇਗੀ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਹੁਣ ਤੱਕ ਈਰਾਨੀ ਤੇਲ ਨੂੰ ਖਾੜੀ ਤੋਂ ਭੇਜਣ ਦੀ ਇਜਾਜ਼ਤ ਦਿੱਤੀ ਹੈ ਅਤੇ ਉਹ ਹੋਰ ਲਚਕਤਾ ਦਿਖਾ ਸਕਦਾ ਹੈ। ਅਮਰੀਕਾ ਨੇ 12 ਮਾਰਚ ਤੋਂ ਰੂਸੀ ਤੇਲ ਲਈ 30 ਦਿਨਾਂ ਦੀ ਛੋਟ ਵੀ ਦਿੱਤੀ, ਜਿਸਦਾ ਐਲਾਨ ਭਾਰਤ ਲਈ 5 ਮਾਰਚ ਨੂੰ ਕੀਤਾ ਗਿਆ ਸੀ।



ਬੇਸੈਂਟ ਨੇ ਇਹ ਵੀ ਕਿਹਾ ਕਿ ਅਮਰੀਕਾ ਰਣਨੀਤਕ ਪੈਟਰੋਲੀਅਮ ਰਿਜ਼ਰਵ (ਸ਼ਫ੍ਰ) ਤੋਂ ਹੋਰ ਤੇਲ ਵਾਪਸ ਲੈ ਸਕਦਾ ਹੈ। ਇਸ ਨਾਲ ਬਾਜ਼ਾਰ ਵਿੱਚ ਸਪਲਾਈ ਵਧੇਗੀ ਅਤੇ ਕੀਮਤਾਂ ਦਾ ਦਬਾਅ ਘੱਟ ਹੋਵੇਗਾ। ਟਰੰਪ ਪ੍ਰਸ਼ਾਸਨ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਊਰਜਾ ਸੰਕਟ ਅਮਰੀਕੀ ਅਰਥਵਿਵਸਥਾ ਅਤੇ ਖਪਤਕਾਰਾਂ ਨੂੰ ਨੁਕਸਾਨ ਨਾ ਪਹੁੰਚਾਏ। ਇਸ ਦੌਰਾਨ, ਬ੍ਰਿਟੇਨ, ਫਰਾਂਸ, ਜਰਮਨੀ, ਇਟਲੀ, ਨੀਦਰਲੈਂਡ ਅਤੇ ਜਾਪਾਨ ਨੇ ਹੋਰਮੁਜ਼ ਜਲਡਮਰੂ 'ਤੇ ਇੱਕ ਸਾਂਝਾ ਬਿਆਨ ਜਾਰੀ ਕੀਤਾ ਹੈ, ਜਿਸ ਵਿੱਚ ਨਾਗਰਿਕ ਬੁਨਿਆਦੀ ਢਾਂਚੇ ਅਤੇ ਤੇਲ ਅਤੇ ਗੈਸ ਸਥਾਪਨਾਵਾਂ 'ਤੇ ਹਮਲਿਆਂ ਨੂੰ ਖਤਮ ਕਰਨ ਦੀ ਮੰਗ ਕੀਤੀ ਗਈ ਹੈ।

ਕੱਚੇ ਤੇਲ ਦੀ ਪਛਾਣ ਮੁੱਖ ਤੌਰ 'ਤੇ ਤਿੰਨ ਪ੍ਰਮੁੱਖ ਮਾਪਦੰਡਾਂ ਦੇ ਆਧਾਰ 'ਤੇ ਦੁਨੀਆ ਭਰ ਵਿੱਚ ਕੀਤੀ ਜਾਂਦੀ ਹੈ ਅਤੇ ਵੇਚੀ ਜਾਂਦੀ ਹੈ: ਬ੍ਰੈਂਟ, ਡਬਲਯੂਟੀਆਈ, ਅਤੇ ਓਪੇਕ ਬਾਸਕੇਟ। ਬ੍ਰੈਂਟ ਕਰੂਡ ਉੱਤਰੀ ਸਾਗਰ (ਯੂਰਪ) ਵਿੱਚ ਆਫਸ਼ੋਰ ਖੂਹਾਂ ਤੋਂ ਪੈਦਾ ਹੁੰਦਾ ਹੈ ਅਤੇ ਦੁਨੀਆ ਦੇ ਤੇਲ ਵਪਾਰ ਦਾ ਦੋ-ਤਿਹਾਈ ਹਿੱਸਾ ਬਣਦਾ ਹੈ। ਇਸ ਦੌਰਾਨ, ਡਬਲਯੂਟੀਆਈ ਸੰਯੁਕਤ ਰਾਜ ਅਮਰੀਕਾ ਵਿੱਚ ਜ਼ਮੀਨ ਤੋਂ ਪੈਦਾ ਹੁੰਦਾ ਹੈ ਅਤੇ, ਇਸਦੀ ਸ਼ੁੱਧਤਾ ਦੇ ਕਾਰਨ, ਅਮਰੀਕੀ ਬਾਜ਼ਾਰ ਲਈ ਮੁੱਖ ਮਾਪਦੰਡ ਹੈ। ਓਪੇਕ ਬਾਸਕੇਟ ਸਾਊਦੀ ਅਰਬ, ਈਰਾਨ ਅਤੇ ਇਰਾਕ ਵਰਗੇ ਦੇਸ਼ਾਂ ਦੇ ਸਮੂਹ, ਖਾੜੀ ਰਾਜਾਂ ਦੇ ਸੰਗਠਨ (ਓਪੇਕ) ਦੁਆਰਾ ਪੈਦਾ ਕੀਤੇ ਗਏ ਵੱਖ-ਵੱਖ ਕੱਚੇ ਤੇਲ ਦਾ ਔਸਤ ਮਿਸ਼ਰਣ ਹੈ।

ਈਰਾਨ ਦੇ ਹਮਲਿਆਂ ਦਾ ਪ੍ਰਭਾਵ ਸਿਰਫ ਤੇਲ ਤੱਕ ਸੀਮਤ ਨਹੀਂ ਹੈ। ਕੁਦਰਤੀ ਗੈਸ ਦੀਆਂ ਕੀਮਤਾਂ ਵਿੱਚ ਵੀ ਤੇਜ਼ੀ ਨਾਲ ਵਾਧਾ ਦੇਖਣ ਨੂੰ ਮਿਲਿਆ ਹੈ। ਯੂਰਪ ਵਿੱਚ, ਡੱਚ ਟੀਟੀਐਫ ਗੈਸ ਬੈਂਚਮਾਰਕ ਇੱਕ ਸਮੇਂ 30% ਵਧ ਕੇ 70 ਯੂਰੋ ਤੱਕ ਪਹੁੰਚ ਗਿਆ, ਹਾਲਾਂਕਿ ਇਹ ਵਰਤਮਾਨ ਵਿੱਚ 63 ਯੂਰੋ ਦੇ ਆਸ-ਪਾਸ ਵਪਾਰ ਕਰ ਰਿਹਾ ਹੈ। ਯੂਕੇ ਵਿੱਚ ਗੈਸ ਦੀਆਂ ਕੀਮਤਾਂ 171.34 ਪੈਂਸ ਪ੍ਰਤੀ ਥਰਮ ਤੱਕ ਪਹੁੰਚ ਗਈਆਂ ਹਨ, ਜੋ ਕਿ ਜਨਵਰੀ 2023 ਤੋਂ ਬਾਅਦ ਸਭ ਤੋਂ ਉੱਚਾ ਪੱਧਰ ਹੈ। ਯੁੱਧ ਸ਼ੁਰੂ ਹੋਣ ਤੋਂ ਬਾਅਦ ਕੀਮਤਾਂ ਵਿੱਚ ਲਗਭਗ 140% ਵਾਧਾ ਹੋਇਆ ਹੈ।ਈਰਾਨੀ ਡਰੋਨ ਹਮਲਿਆਂ ਨੇ ਕਤਰ ਦੇ ਰਾਸ ਲਾਫਾਨ ਐਲਐਨਜੀ ਹੱਬ ਨੂੰ ਨੁਕਸਾਨ ਪਹੁੰਚਾਇਆ, ਜਿਸਨੂੰ ਦੁਨੀਆ ਦਾ ਸਭ ਤੋਂ ਵੱਡਾ ਗੈਸ ਨਿਰਯਾਤ ਕੇਂਦਰ ਮੰਨਿਆ ਜਾਂਦਾ ਹੈ। ਇਹ ਗਲੋਬਲ ਐਲਐਨਜੀ ਸਪਲਾਈ ਦਾ ਲਗਭਗ 20% ਬਣਦਾ ਹੈ। ਹਮਲੇ ਤੋਂ ਬਾਅਦ, ਪਲਾਂਟ ਨੂੰ ਅਸਥਾਈ ਤੌਰ 'ਤੇ ਬੰਦ ਕਰਨਾ ਪਿਆ, ਜਿਸ ਨਾਲ ਸਪਲਾਈ ਪ੍ਰਭਾਵਿਤ ਹੋਈ।

## ਕੇਂਦਰ ਦੀ ਮੋਦੀ ਸਰਕਾਰ ਵੱਲੋਂ ਅਰਵਿੰਦ ਕੇਜਰੀਵਾਲ ਅਤੇ ਪਾਰਟੀ ਦੇ ਹੋਰ ਸੀਨੀਅਰ ਆਗੂਆਂ ਨੂੰ ਕਰਪਸ਼ਨ ਦੇ ਝੂਠੇ ਕੇਸਾਂ ਵਿੱਚ ਉਲਝਾਉਣ ਦੇ ਸੱਚ ਨੂੰ ਬੇਪਰਦ ਕਰਨ ਲਈ ਮਜੀਠਾ 'ਚ ਡਾਕੂਮੈਂਟਰੀ ਵੀਡੀਓ ਦਿਖਾਈ

**ਅੰਮ੍ਰਿਤਸਰ ਡਾ.ਰਾਜਿੰਦਰ ਰਿਖੀ**

ਅੱਜ ਮਜੀਠਾ ਦੀ ਦਾਣਾ ਮੰਡੀ ਵਿਖੇ ਇੱਕ ਵੱਡੀ ਸਕਰੀਨ ਲਗਾ ਕੇ ਮਜੀਠਾ ਵਾਸੀਆਂ ਨੂੰ ਉੱਘੇ ਯੂ-ਟਿਊਬਰ ਧਰੁਵ ਰਾਠੀ ਦੀ ਡਾਕੂਮੈਂਟਰੀ ਇੰਡੀਆਜ ਬਿਗਸਟ ਕਾਨਸਪਰੈਂਸੀ, ਰਿਆਲਟੀ ਆਫ਼ ਦਿੱਲੀ ਲੀਕਰ ਸਕੈਮ ਦਿਖਾਈ ਗਈ। ਵੱਡੀ ਗਿਣਤੀ ਵਿੱਚ ਮਜੀਠਾ ਦੇ ਵਾਸੀਆਂ ਨੇ ਪਹੁੰਚ ਕੇ ਇਸ ਡਾਕੂਮੈਂਟਰੀ ਵੀਡੀਓ ਨੂੰ ਦੇਖਿਆ।27 ਮਿੰਟ ਦੀ ਇਸ ਵੀਡੀਓ ਡਾਕੂਮੈਂਟਰੀ ਵਿੱਚ ਵਿਸ਼ਵ ਪ੍ਰਸਿੱਧ ਯੂ-ਟਿਊਬਰ ਧਰੁਵ ਰਾਠੀ ਨੇ ਪੂਰੇ ਵਿਸਥਾਰ ਨਾਲ ਤੱਥਾਂ ਸਮੇਤ ਸੱਚ ਦਿਖਾਇਆ ਕਿ ਕਿਵੇਂ ਕੇਂਦਰ ਦੀ ਮੋਦੀ ਸਰਕਾਰ ਨੇ ਝੂਠੇ ਅਤੇ ਬੇਬੁਨਿਆਦ ਦੋਸ਼ਾਂ ਤਹਿਤ ਦਿੱਲੀ ਦੇ ਤਤਕਾਲੀ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁਨੀਸ਼ ਸਿਸੋਦੀਆ, ਸਤਿੰਦਰ ਜੈਨ ਸਮੇਤ ਪਾਰਟੀ ਦੇ ਹੋਰ ਆਗੂਆਂ ਨੂੰ ਦਿੱਲੀ ਸ਼ਰਾਬ ਘੁਟਾਲੇ ਦੇ ਫ਼ਰਜ਼ੀ ਕੇਸ ਵਿੱਚ ਫਸਾਇਆ ਸੀ। 6 ਦਿਨ ਪਹਿਲਾਂ ਜਾਰੀ ਹੋਈ ਇਸ ਡਾਕੂਮੈਂਟਰੀ ਨੂੰ ਹੁਣ ਤੱਕ 95 ਲੱਖ ਤੋਂ ਵੱਧ ਲੋਕ ਦੇਖ ਚੁੱਕੇ ਹਨ। ਮਜੀਠਾ ਵਾਸੀਆਂ ਨੇ ਇਸ ਡਾਕੂਮੈਂਟਰੀ ਵੀਡੀਓ ਨੂੰ ਪੂਰੇ ਧਿਆਨ ਨਾਲ



ਦੇਖਿਆ ਅਤੇ ਸੱਚ ਜਾਣ ਕੇ ਕੇਂਦਰ ਸਰਕਾਰ ਦੀ ਇਸ ਮਾੜੀ ਸੋਚ ਤੇ ਨੀਤੀ ਦੀ ਕਰੜੀ ਅਲੋਚਨਾ ਕੀਤੀ।

ਇਸ ਮੌਕੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਭਾਜਪਾ ਦੀ ਮੋਦੀ ਸਰਕਾਰ ਅਸਲ ਵਿੱਚ ਆਮ ਆਦਮੀ ਪਾਰਟੀ ਦੀ ਚੜ੍ਹਤ ਤੋਂ ਬਹੁਤ ਖ਼ਤਰਾ ਮਹਿਸੂਸ ਕਰਦੀ ਹੈ ਅਤੇ ਉਨ੍ਹਾਂ ਨੇ ਇੱਕ ਇਮਾਨਦਾਰ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਬਦਨਾਮ ਕਰਨ ਲਈ ਝੂਠੇ ਕੇਸ ਵਿੱਚ ਫਸਾ ਕੇ ਜੇਲ੍ਹ ਵਿੱਚ ਭੇਜਿਆ ਗਿਆ। ਉਨ੍ਹਾਂ ਕਿਹਾ ਕਿ ਭਾਂਵੇਂ ਮੋਦੀ ਸਰਕਾਰ ਨੇ ਇਸ ਝੂਠ ਨੂੰ ਫੈਲਾਉਣ ਲਈ ਆਪਣੀ ਪੂਰੀ ਵਾਹ ਲਗਾਈ ਪਰ ਝੂਠ ਅਕਸਰ ਝੂਠ ਹੀ ਰਹਿੰਦਾ ਹੈ ਅਤੇ ਆਖਰ ਸੱਚ ਦੀ ਜਿੱਤ ਹੋਈ ਅਤੇ ਦਿੱਲੀ ਦੀ ਅਦਾਲਤ ਨੇ ਇਸ ਕੇਸ ਨੂੰ ਬੇਬੁਨਿਆਦ ਦੱਸਦੇ ਹੋਏ ਸ੍ਰੀ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਸਮੇਤ ਹੋਰ ਆਗੂਆਂ ਨੂੰ ਬਰੀ ਕਰ ਦਿੱਤਾ। ਉਨ੍ਹਾਂ ਕਿਹਾ ਕਿ ਅੱਜ ਲੋਕਾਂ ਨੇ ਧਰੁਵ ਰਾਠੀ ਦੀ ਤੱਥਾਂ ਸਮੇਤ ਵੀਡੀਓ ਰਾਹੀਂ ਵੀ ਮੋਦੀ ਸਰਕਾਰ ਦੀ ਸਾਜਿਸ਼ ਨੂੰ ਦੇਖਿਆ ਹੈ। ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਇਹ ਡਾਕੂਮੈਂਟਰੀ ਫਿਲਮ ਹੋਰ ਲੋਕਾਂ ਨੂੰ ਵੀ ਦਿਖਾਈ ਜਾਵੇਗੀ ਤਾਂ ਜੋ ਦੇਸ਼ ਦੇ ਲੋਕ ਮੋਦੀ ਸਰਕਾਰ ਦੀ ਸਾਜਿਸ਼ੀ ਸੋਚ ਨੂੰ ਦੇਖ ਸਕਣ।

## ਧਰੂਵ ਰਾਠੀ ਦੀ ਵੀਡੀਓ ਨੇ ਕੀਤਾ ਬੀਜੇਪੀ ਦੇ ਫਰਜ਼ੀ ਸ਼ਰਾਬ ਘੋਟਾਲੇ ਦਾ ਪਰਦਾਫਾਸ਼

## ਆਮ ਆਦਮੀ ਪਾਰਟੀ ਨੇ ਪੰਜਾਬ ਭਰ ਵਿੱਚ ਸਕਰੀਨਾਂ ਲਾ ਕੇ ਲੋਕਾਂ ਨੂੰ ਦਿਖਾਇਆ ਸੱਚ

**ਚੰਡੀਗੜ੍ਹ ਸਾਂਝੀ ਸੋਚ ਬਿਊਰੋ**

ਆਮ ਆਦਮੀ ਪਾਰਟੀ ਨੇ ਅੱਜ ਪੰਜਾਬ ਭਰ ਵਿੱਚ ਵੱਡੇ ਪੱਧਰ 'ਤੇ ਸਕਰੀਨਾਂ ਲਾ ਕੇ ਆਜ਼ਾਦ ਪੱਤਰਕਾਰ ਧਰੂਵ ਰਾਠੀ ਦੀ ਵੀਡੀਓ ਰਿਪੋਰਟ ਲੋਕਾਂ ਨੂੰ ਦਿਖਾਈ, ਜਿਸ ਵਿੱਚ ਬੀਜੇਪੀ ਸਰਕਾਰ ਵੱਲੋਂ ਬਣਾਏ ਗਏ ਕਥਿਤ ਫਰਜ਼ੀ ਸ਼ਰਾਬ ਘੋਟਾਲੇ ਦੇ ਕੇਸ ਦਾ ਤੱਥਾਂ ਦੇ ਅਧਾਰ 'ਤੇ ਪੂਰੀ ਤਰ੍ਹਾਂ ਪਰਦਾਫਾਸ਼ ਕੀਤਾ ਗਿਆ। ਇਸ ਮੁਹਿੰਮ ਰਾਹੀਂ ਪਾਰਟੀ ਨੇ ਸੱਚ ਨੂੰ ਲੋਕ ਅਦਾਲਤ ਵਿੱਚ ਪਹੁੰਚਾਉਣ ਦਾ ਉਪਰਾਲਾ ਕੀਤਾ ਹੈ।

ਆਮ ਆਦਮੀ ਪਾਰਟੀ ਨੇ ਅੱਜ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਅਤੇ ਪਿੰਡਾਂ ਵਿੱਚ ਵੱਡੀਆਂ ਸਕਰੀਨਾਂ ਲਾ ਕੇ ਮਸ਼ਹੂਰ ਆਜ਼ਾਦ ਪੱਤਰਕਾਰ ਧਰੂਵ ਰਾਠੀ ਦੀ ਵੀਡੀਓ ਰਿਪੋਰਟ ਆਮ ਲੋਕਾਂ ਨੂੰ ਦਿਖਾਈ।

ਇਸ ਵੀਡੀਓ ਵਿੱਚ ਧਰੂਵ ਰਾਠੀ ਨੇ ਤੱਥਾਂ ਅਤੇ ਸਬੂਤਾਂ ਦੇ ਅਧਾਰ 'ਤੇ ਸਪੱਸ਼ਟ ਤੌਰ 'ਤੇ ਦਿਖਾਇਆ ਹੈ ਕਿ ਕਿਵੇਂ ਬੀਜੇਪੀ ਦੀ ਕੇਂਦਰ ਸਰਕਾਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮਿਲ ਕੇ ਆਮ ਆਦਮੀ ਪਾਰਟੀ ਦੇ ਨੇਤਾਵਾਂ ਨੂੰ ਬਦਨਾਮ ਕਰਨ ਅਤੇ ਸਿਆਸੀ ਤੌਰ 'ਤੇ ਰੋਕਣ ਦੇ ਮਕਸਦ ਨਾਲ ਇੱਕ ਪੂਰੀ ਤਰ੍ਹਾਂ ਝੂਠਾ ਅਤੇ ਫਰਜ਼ੀ ਸ਼ਰਾਬ ਘੋਟਾਲੇ ਦਾ ਕੇਸ ਘੜਿਆ ਸੀ।

ਜ਼ਿਕਰਯੋਗ ਹੈ ਕਿ ਮਾਣਯੋਗ ਅਦਾਲਤ ਨੇ ਵੀ ਇਸ ਕਥਿਤ ਸ਼ਰਾਬ ਘੋਟਾਲੇ ਦੇ ਕੇਸ ਨੂੰ ਖਾਰਜ ਕਰਦਿਆਂ ਸਾਫ਼ ਤੌਰ 'ਤੇ ਕਿਹਾ ਸੀ ਕਿ ਇਹ ਕੇਸ ਫਰਜ਼ੀ ਹੈ।

ਅਦਾਲਤ ਦੇ ਇਸ ਫ਼ੈਸਲੇ ਨੇ ਇਸ ਗੱਲ ਨੂੰ ਹੋਰ ਪੁਖ਼ਤਾ ਕਰ ਦਿੱਤਾ ਕਿ ਬੀਜੇਪੀ ਸਰਕਾਰ ਨੇ ਸਿਰਫ਼ ਅਤੇ ਸਿਰਫ਼ ਸਿਆਸੀ ਸਾਜ਼ਿਸ਼ ਤਹਿਤ ਇਹ ਸਾਰਾ ਕੇਸ ਬਣਾਇਆ ਸੀ।

ਆਜ਼ਾਦ ਪੱਤਰਕਾਰ ਧਰੂਵ ਰਾਠੀ ਨੇ ਆਪਣੀ ਵੀਡੀਓ ਰਿਪੋਰਟ ਵਿੱਚ ਵਿਸਤਾਰ ਨਾਲ ਦੱਸਿਆ ਹੈ ਕਿ ਕਿਵੇਂ ਇਹ ਸਾਰਾ ਕੇਸ ਆਮ ਆਦਮੀ ਪਾਰਟੀ ਦੀ ਵਧਦੀ ਲੋਕਪ੍ਰਿਅਤਾ ਨੂੰ ਰੋਕਣ ਅਤੇ ਪਾਰਟੀ ਦੇ ਆਗੂਆਂ ਨੂੰ ਝੂਠੇ ਕੇਸਾਂ ਵਿੱਚ ਫਸਾ ਕੇ ਲੋਕਤੰਤਰ ਨੂੰ ਕਮਜ਼ੋਰ ਕਰਨ ਦੀ ਬੀਜੇਪੀ ਦੀ ਯੋਜਨਾਬੱਧ ਸਾਜ਼ਿਸ਼ ਦਾ ਹਿੱਸਾ ਸੀ।

ਆਮ ਆਦਮੀ ਪਾਰਟੀ ਨੇ ਇਹ ਸਾਰੇ ਤੱਥ ਲੋਕਾਂ ਦੀ ਅਦਾਲਤ ਵਿੱਚ ਪਹੁੰਚਾਉਣ ਦੇ ਮਕਸਦ ਨਾਲ ਅੱਜ ਸੂਬੇ ਭਰ ਵਿੱਚ ਇਹ ਮੁਹਿੰਮ ਚਲਾਈ। ਧਰੂਵ ਰਾਠੀ ਦੀ ਇਸ ਵੀਡੀਓ ਨੂੰ ਦੇਖਣ ਤੋਂ ਬਾਅਦ ਆਮ ਲੋਕਾਂ ਨੇ ਵੀ ਮਹਿਸੂਸ ਕੀਤਾ ਕਿ ਇਹ ਕੇਸ ਪੂਰੀ ਤਰ੍ਹਾਂ ਨਕਲੀ ਅਤੇ ਸਿਆਸੀ ਬਦਨੀਅਤ ਨਾਲ ਬਣਾਇਆ ਗਿਆ ਸੀ।

ਲੋਕਾਂ ਵਿੱਚ ਬੀਜੇਪੀ ਦੀ ਇਸ ਸਾਜ਼ਿਸ਼ ਖ਼ਿਲਾਫ਼ ਭਾਰੀ ਰੋਸ ਦੇਖਣ ਨੂੰ ਮਿਲਿਆ ਅਤੇ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਨਾਲ ਖੜ੍ਹੇ ਹੋਣ ਦਾ ਐਲਾਨ ਕੀਤਾ।


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

# ਸਤਿਗੁਰੂ ਦੀ ਸ਼ਰਨਾਗਤ ਹੋ ਕੇ ਆਪਣੇ ਅੰਦਰ ਸ਼੍ਰੀ ਰਾਮ ਨੂੰ ਪ੍ਰਗਟ ਕਰਨ ਦੀ ਲੋੜ ਹੈ- ਸਾਧਵੀ ਸੌਮਿਆ ਭਾਰਤੀ ਜੀ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ





ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਬੇਰੀ ਗੇਟ ਵਿਖੇ ਸਥਿਤ ਆਈ.ਟੀ.ਆਈ. ਵੂਮੈਨ ਗਰਾਊਂਡ ਵਿੱਚ ਸ਼੍ਰੀ ਰਾਮ ਕਥਾਮ੍ਰਿਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਸ਼੍ਰੀ ਰਾਮ ਕਥਾ ਸਮਾਗਮ ਦੇ ਤੀਜੇ ਦਿਨ ਆਸ਼ੂਤੋਸ਼ ਮਹਾਰਾਜ ਜੀ ਦੇ ਸ਼ਿਸ਼ਿਆ ਸਾਧਵੀ ਸੌਮਿਆ ਭਾਰਤੀ ਜੀ ਨੇ ਪ੍ਰਭੂ ਸ਼੍ਰੀ ਰਾਮ ਦੀ ਮਹਿਮਾ ਦਾ ਰਸ ਪਾਨ ਕਰਵਾਇਆ। ਭਗਵਾਨ ਸ਼੍ਰੀ ਰਾਮ ਜੀ ਰਿਸ਼ੀ ਵਿਸ਼ਵਾਮਿੱਤਰ ਜੀ ਦੇ ਨਾਲ ਜੰਗਲ ਪ੍ਰਾਂਤ ਵਿੱਚ ਜਾਂਦੇ ਹਨ ਅਤੇ ਆਸੁਰੀ ਸ਼ਕਤੀਆਂ ਦਾ ਨਾਸ਼ ਕਰਦੇ ਹਨ। ਸਾਧਵੀ ਜੀ ਨੇ ਦੱਸਿਆ ਕਿ ਅਸਲ ਵਿੱਚ ਸਾਡਾ ਮਨ ਜੰਗਲ ਦਾ ਪ੍ਰਤੀਕ ਹੈ। ਤਾੜਕਾ ਅਤੇ ਸੁਬਾਹੁ ਮਾਰੀਚ ਆਦਿ ਆਸੁਰ ਸਾਡੇ ਮਨ ਵਿਚ ਪੈਦਾ ਹੋਣ ਵਾਲੇ ਲਾਲਚ, ਮੋਹ ਅਤੇ ਹੰਕਾਰ ਦੇ ਪ੍ਰਤੀਕ ਹਨ। ਜਿਸ ਤਰ੍ਹਾਂ ਜੰਗਲ ਖੇਤਰ ਵਿੱਚ ਭਗਵਾਨ ਸ਼੍ਰੀ ਰਾਮ ਦੇ ਪ੍ਰਗਟ ਹੋਣ ਨਾਲ ਆਸੁਰੀ ਸ਼ਕਤੀਆਂ ਦਾ ਅੰਤ ਹੋ ਗਿਆ ਸੀ।

ਹਨੇਰਾ ਅਤੇ ਅਗਿਆਨਤਾ ਖਤਮ ਹੋ ਗਈ ਅਤੇ ਸ਼ਾਂਤੀ ਦਾ ਰਾਜ ਸਥਾਪਿਤ ਹੋਇਆ, ਜਦੋਂ ਸਾਡੇ ਅੰਦਰ ਪ੍ਰਭੂ ਸ਼੍ਰੀ ਰਾਮ ਪ੍ਰਗਟ ਹੋਣਗੇ, ਤਦ ਇਹ ਵਿਕਾਰ ਦੂਰ ਹੋ ਜਾਣਗੇ। ਸਤਿਗੁਰੂ ਦੀ ਸ਼ਰਨਾਗਤ ਹੋ ਕੇ ਆਪਣੇ ਅੰਦਰ ਸ਼੍ਰੀ ਰਾਮ ਨੂੰ ਪ੍ਰਗਟ ਕਰਨ ਦੀ ਲੋੜ ਹੈ। ਇਸ ਤੋਂ ਬਾਅਦ ਭਗਵਾਨ ਸ਼੍ਰੀ ਰਾਮ ਜਨਕਪੁਰੀ ਲਈ ਰਵਾਨਾ ਹੁੰਦੇ ਹਨ ਜਿੱਥੇ ਭਗਵਾਨ ਸ਼੍ਰੀ ਰਾਮ ਮਾਤਾ ਸੀਤਾ ਨੂੰ ਭਗਵਾਨ ਸ਼ਿਵ ਦੇ ਧਨੁਸ਼ ਨੂੰ ਤੋੜਦੇ ਹੋਏ ਵਰਣ ਕਰਦੇ ਹਨ।ਭਗਵਾਨ ਸ਼੍ਰੀ ਰਾਮ ਅਤੇ ਜਾਨਕੀ ਦਾ ਵਿਆਹ ਸਿਰਫ ਮਨੋਰੰਜਨ ਲਈ ਨਹੀਂ ਹੈ। ਮਾਤਾ ਸੀਤਾ ਆਤਮਾ ਦਾ ਪ੍ਰਤੀਕ ਹੈ ਅਤੇ ਭਗਵਾਨ ਸ਼੍ਰੀ ਰਾਮ ਪਰਮ ਆਤਮਾ ਦੇ ਪ੍ਰਤੀਕ ਹਨ। ਵਿਆਹ ਪ੍ਰਸੰਗ ਸਾਨੂੰ ਇਹ ਸੰਦੇਸ਼ ਦਿੰਦੀ ਹੈ ਕਿ ਜੇਕਰ ਅਸੀਂ ਆਪਣੀ ਆਤਮਾ ਦੇ ਰੂਪ ਵਿਚ ਲੜਕੀ ਦਾ ਵਿਆਹ ਭਗਵਾਨ ਸ਼੍ਰੀ ਰਾਮ ਦੇ ਰੂਪ ਵਿਚ ਲਾੜੇ ਨਾਲ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਜੀਵਨ ਵਿਚ ਵਿਚੋਲੇ ਦੇ ਰੂਪ ਵਿਚ ਸਤਿਗੁਰੂ ਦੀ ਲੋੜ ਹੈ।

ਗੁਰਾਂ ਦੇ ਬਿਨਾ ਮਨੁੱਖ ਪਰਮਾਤਮਾ ਦੇ ਦਰਸ਼ਨ ਦੀ ਪ੍ਰਾਪਤੀ ਨਹੀਂ ਕਰ ਸਕਦਾ।

ਅੱਜ ਬਹੁਤ ਸਾਰੇ ਲੋਕ ਗੁਰੂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਦੇ ਹਨ ਪਰ ਧਾਰਮਿਕ ਗ੍ਰੰਥਾਂ ਦੀ ਇਸ ਕਸੌਟੀ ਦੇ ਆਧਾਰ 'ਤੇ ਨਹੀਂ, ਸਮੇਂ ਦੇ ਸੱਚੇ ਸੰਤ ਜੋ ਸਤਿਗੁਰੂ ਹਨ, ਸਾਨੂੰ ਆਪਣੇ ਜੀਵਨ ਵਿੱਚ ਪ੍ਰਮਾਤਮਾ ਦਾ ਸਾਕਾਰ ਕਰਵਾਉਂਦੇ ਹਨ। ਅਸੀਂ ਸਤਿਗੁਰੂ ਦੀ ਪਛਾਣ ਸੰਤ ਦੇ ਚਿਹਰੇ 'ਤੇ ਪ੍ਰਕਾਸ਼, ਉਸ ਦੇ ਮਗਰ ਲੱਗਣ ਵਾਲੇ ਲੋਕਾਂ ਦੀ ਭੀੜ, ਉਸ ਦੀ ਮਿੱਠੀ ਆਵਾਜ਼ ਵਿਚ ਧਾਰਮਿਕ ਗ੍ਰੰਥਾਂ ਦੇ ਗਿਆਨ ਦੁਆਰਾ ਕਰਦੇ ਹਾਂ।

ਪਰ ਸਾਡੇ ਗ੍ਰੰਥ ਅਤੇ ਧਾਰਮਿਕ ਗ੍ਰੰਥ ਕਹਿੰਦੇ ਹਨ ਕਿ ਫੂਟੀ ਅੱਖ ਵਿਵੇਕ ਦੀ ਸੂਝੇ ਨਾ ਸੰਤ ਅਸੰਤ, ਅੱਜ ਸਾਡੇ ਕੋਲ ਵਿਵੇਕ ਦੀ ਉਹ ਅੱਖ ਨਹੀਂ ਹੈ ਜਿਸ ਨਾਲ ਅਸੀਂ ਇੱਕ ਸੱਚੇ ਸੰਤ ਦੀ ਪਹਿਚਾਣ ਕਰ ਸਕੀਏ।ਅਤੇ ਉਸਦੀ ਸ਼ਰਨਾਗਤ ਹੋ ਕੇ ਪ੍ਰਮਾਤਮਾ ਦੇ ਦਰਸ਼ਨ ਦਾ ਸਾਕਸ਼ਾਤਕਾਰ ਕਰਕੇ ਆਪਣੇ ਜੀਵਨ ਨੂੰ ਸਾਰਥਕ ਕਰ ਪਾਈਏ।ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਦੇ ਸੰਸਥਾਪਕ ਅਤੇ ਨਿਰਦੇਸ਼ਕ ਸ਼੍ਰੀ ਆਸ਼ੂਤੋਸ਼ ਮਹਾਰਾਜ ਜੀ ਉਸ ਸਨਾਤਨ ਪੁਰਾਤਨ ਬ੍ਰਹਮ ਗਿਆਨ ਦੇ ਕੇ ਪਰਮਾਤਮਾ ਦਰਸ਼ਨ ਕਰਵਾਉਣ ਦਾ ਸਮਰੱਥ ਰੱਖਦੇ ਹਨ। ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਸਾਰੇ ਭਗਵਾਨ ਪ੍ਰੇਮੀ ਭਗਤਾਂ ਨੂੰ ਪ੍ਰਮਾਤਮਾ ਦੇ ਦਰਸ਼ਨ ਕਰਨ ਦਾ ਸੱਦਾ ਦਿੰਦਾ ਹੈ। ਕਥਾ ਦੀ ਸਮਾਪਤੀ ਪ੍ਰਭੂ ਦੀ ਪਾਵਨ ਆਰਤੀ ਨਾਲ ਕੀਤੀ ਗਈ। ਕਥਾ ਦੌਰਾਨ ਸਾਧਵੀ ਰਾਜਵਿੰਦਰ ਭਾਰਤੀ ਜੀ, ਸਾਧਵੀ ਕ੍ਰਿਸ਼ਣਪਿਤਾ ਭਾਰਤੀ ਜੀ, ਸਾਧਵੀ ਨੀਰਜਾ ਭਾਰਤੀ, ਸਵਾਮੀ ਰੰਜੀਤਾਨੰਦ, ਸੁਰਿੰਦਰ ਬਬਲਾ, ਮਾਨਵ ਤਨੇਜਾ (ਰਾਸ਼ਟਰੀ ਕਾਰਕਰਤਾ ਭਾਜਪਾ), ਪਰਗਟ ਸਿੰਘ, ਸੁਰੇਸ਼ ਕੁਮਾਰ (ਚੇਅਰਮੈਨ ਸ਼੍ਰੀ ਰਾਧੇ ਕ੍ਰਿਸ਼ਨਾ ਮੰਦਰ ਅੰਮ੍ਰਿਤਸਰ ਕੈਂਟ), ਗੌਰਵ ਸਹਿਗਲ, ਕਾਨ ਸਿੰਘ, ਸਵਰਾਜ ਗਰੋਵਰ (ਸਮਾਜ ਸੇਵਕ),ਇੰਦਰਾ ਧਵਨ (ਸਮਾਜ ਸੇਵਕ), ਸੁਸ਼ੀਲ ਭਟੀਆ (ਸਮਾਜ ਸੇਵਕ), ਪ੍ਰਵੇਸ਼ ਭਟੀਆ (ਸਮਾਜ ਸੇਵਕ) ਸ਼ਰਧਾਲੂ ਹਾਜ਼ਰ ਰਹੇ।

# ਪੰਜਾਬੀ ਨਾਮ ਦੀ ਵਰਤੋਂ ਕਰਕੇ ਮਹਿਲਾ ਡਾਕਟਰਾਂ ਨਾਲ ਅਸ਼ਲੀਲ ਹਰਕਤਾਂ ਕਰਨ ਵਾਲਾ ਭਾਰਤੀ ਨੌਜਵਾਨ ਗ੍ਰਿਫ਼ਤਾਰ

ਓਟਵਾ
ਸਾਂਝੀ ਸੋਚ ਬਿਊਰੋ

ਕੈਨੇਡਾ ਵਿੱਚ ਇੱਕ ਨੌਜਵਾਨ ਦੇ ਨਕਲੀ ਪੰਜਾਬੀ ਨਾਮ ਦੀ ਵਰਤੋਂ ਕਰਕੇ ਮਹਿਲਾ ਡਾਕਟਰਾਂ ਨਾਲ ਅਸ਼ਲੀਲ ਹਰਕਤਾਂ ਕਰਨ ਦੇ ਮਾਮਲੇ ਦਾ ਪਰਦਾਫਾਸ਼ ਹੋਇਆ ਹੈ। ਪੁਲਿਸ ਨੇ ਨੌਜਵਾਨ ਨੂੰ ਦਸੰਬਰ ਵਿੱਚ ਗ੍ਰਿਫਤਾਰ ਕੀਤਾ ਸੀ। ਹਾਲਾਂਕਿ, ਉਹ ਸੋਸ਼ਲ ਮੀਡੀਆ ਪਲੇਟਫਾਰਮਾਂ ‘ਤੇ ਟ੍ਰੋਲ ਹੋਣ ਤੋਂ ਬਾਅਦ ਸੁਰਖੀਆਂ ਵਿੱਚ ਆਇਆ। ਕੈਨੇਡਾ ਦੀ ਪੀਲ ਰੀਜਨਲ ਪੁਲਿਸ ਦੇ ਅਨੁਸਾਰ, ਮੁਲਜ਼ਮ ਨਿੱਜੀ ਅੰਗ ਦੀ ਬਿਮਾਰੀ ਦੇ ਬਹਾਨੇ ਹਸਪਤਾਲ ਜਾਂਦਾ ਸੀ, ਉੱਥੇ ਇੱਕ ਮਹਿਲਾ ਡਾਕਟਰ ਨੂੰ ਮਿਲਦਾ ਸੀ, ਅਤੇ ਫਿਰ ਆਪਣੇ ਸਾਰੇ ਕੱਪੜੇ ਉਤਾਰ ਕੇ ਮਹਿਲਾ ਡਾਕਟਰ ਨੂੰ ਉਸਦੇ ਗੁਪਤ ਅੰਗ ਨੂੰ ਛੂਹਣ ਲਈ ਕਹਿੰਦਾ ਸੀ। ਉਸਨੂੰ ਕੋਈ ਬਿਮਾਰੀ ਨਹੀਂ ਸੀ, ਜਿਸ ਦਾ ਪਤਾ ਡਾਕਟਰਾਂ ਨੂੰ ਲੱਗਣ ‘ਤੇ ਉਹ ਭੱਜ ਜਾਂਦਾ ਸੀ। ਉਸਨੇ ਇਹ ਸਿਰਫ਼ ਇੱਕ ਜਾਂ ਦੋ ਨਹੀਂ, ਸਗੋਂ ਕਈ ਮਹਿਲਾ ਡਾਕਟਰਾਂ ਨਾਲ ਕੀਤਾ। ਜਿਸ ਤੋਂ ਬਾਅਦ ਇੱਕ ਮਹਿਲਾ ਡਾਕਟਰ ਨੇ ਉਸਦੀ ਰਿਪੋਰਟ ਕੀਤੀ, ਅਤੇ ਪੂਰਾ ਮਾਮਲਾ ਸਾਹਮਣੇ ਆਇਆ।ਹੁਣ, ਮੁਲਜ਼ਮ ਨੌਜਵਾਨ ਦੀ ਪਛਾਣ ਵੈਭਵ ਵੱਜੋਂ ਹੋਈ ਹੈ ਜੋ ਕਿ ਆਪਣੇ ਆਪ ਨੂੰ ਆਕਾਸ਼ਦੀਪ ਸਿੰਘ ਵਜੋਂ ਪੇਸ਼ ਕਰਦਾ ਸੀ। ਹੁਣ ਉਸ ਨੂੰ ਡਿਪੋਰਟ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਪੁਲਿਸ ਮਹਿਲਾ ਡਾਕਟਰਾਂ ਨੂੰ ਅੱਗੇ ਆਉਣ ਦੀ ਅਪੀਲ ਕਰ ਰਹੀ ਹੈ। ਕੈਨੇਡੀਅਨ ਸੋਸ਼ਲ ਮੀਡੀਆ ਪ੍ਰਭਾਵਕ ਰੂਬੀ ਭਸੀਨ ਨੇ ਵੀ 15 ਮਾਰਚ ਨੂੰ ਇੱਕ ਵੀਡੀਓ ਪੋਸਟ ਕੀਤੀ, ਜਿਸ ਵਿੱਚ ਡਾਕਟਰਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਗਈ। ਪੁਲਿਸ ਦੇ ਅਨੁਸਾਰ ਇਸ ਮਾਮਲੇ ਦੀ ਕਹਾਣੀ ਜਾਅਲੀ ਪਛਾਣ ਪੱਤਰ ਬਣਾਉਣ ਨਾਲ ਸ਼ੁਰੂ ਹੁੰਦੀ ਹੈ। ਭਾਰਤੀ ਮੂਲ ਦੇ ਇੱਕ ਨੌਜਵਾਨ ਵੈਭਵ (ਅਸਲੀ ਨਾਂਅ) ਨੇ ਆਮ ਪੰਜਾਬੀ ਨਾਮ ਆਕਾਸ਼ਦੀਪ ਸਿੰਘ ਦੀ ਵਰਤੋਂ ਕਰਕੇ ਜਾਅਲੀ ਪਛਾਣ ਪੱਤਰ ਬਣਾਏ। ਉਸਨੇ ਨਾ ਸਿਰਫ਼ ਆਪਣਾ ਨਾਮ ਬਦਲਿਆ ਬਲਕਿ ਜਾਅਲੀ ਆਈਡੀ ਅਤੇ ਦਸਤਾਵੇਜ਼ ਵੀ ਬਣਾਏ। ਪੁਲਿਸ ਨੇ ਦੱਸਿਆ ਕਿ ਦੋਸ਼ੀ ਨੇ ਸ਼ਿਕਾਇਤ ਦਰਜ ਹੋਣ ‘ਤੇ ਵੀ ਗ੍ਰਿਫ਼ਤਾਰੀ ਤੋਂ ਬਚਣ ਲਈ ਅਜਿਹਾ ਕੀਤਾ। ਜਿਵੇਂ-ਜਿਵੇਂ ਸ਼ਿਕਾਇਤਾਂ ਵਧਦੀਆਂ ਗਈਆਂ, ਪੀਲ ਰੀਜਨਲ ਪੁਲਿਸ ਦਾ 12 ਡਿਵੀਜ਼ਨ ਅਪਰਾਧਿਕ ਜਾਂਚ ਬਿਊਰੋ ਸਰਗਰਮ ਹੋ ਗਿਆ। ਸੀਸੀਟੀਵੀ ਫੁਟੇਜ ਅਤੇ ਜਾਅਲੀ ਦਸਤਾਵੇਜ਼ਾਂ ਨੂੰ ਜੋੜਦੇ ਹੋਏ, ਪੁਲਿਸ ਨੇ 4 ਦਸੰਬਰ, 2025 ਨੂੰ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰੀ ਤੋਂ ਬਾਅਦ ਪਤਾ ਲੱਗਾ ਕਿ ਸ਼ਿਕਾਇਤਾਂ ਆਕਾਸ਼ਦੀਪ ਸਿੰਘ ਦੇ ਨਾਮ ਹੇਠ ਆ ਰਹੀਆਂ ਸਨ, ਪਰ ਉਸਦਾ ਅਸਲੀ ਨਾਮ ਵੈਭਵ ਸੀ। ਉਸਨੇ ਧੋਖਾਧੜੀ ਕਰਨ ਲਈ ਇਸ ਤਰ੍ਹਾਂ ਆਪਣਾ ਨਾਮ ਬਦਲ ਲਿਆ। ਪੁਲਿਸ ਨੇ ਕਿਹਾ ਕਿ ਅਜਿਹੇ ਮਾਮਲਿਆਂ ਵਿੱਚ ਮੁਕੱਦਮੇ ਦੀ ਪ੍ਰਕਿਰਿਆ ਲੰਬੀ ਹੁੰਦੀ ਹੈ। ਡਾਕਟਰਾਂ ਦੇ ਬਿਆਨ ਅਦਾਲਤ ਵਿੱਚ ਦਰਜ ਕੀਤੇ ਜਾ ਰਹੇ ਹਨ। ਪੁਲਿਸ



ਇਸ ਸਮੇਂ ਨੌਜਵਾਨ ਨੂੰ ਡਿਪੋਰਟ ਕਰਨ ਦੀ ਪ੍ਰਕਿਰਿਆ ਵਿੱਚ ਹੈ। ਕਿਉਂਕਿ ਉਹ ਕੈਨੇਡੀਅਨ ਨਾਗਰਿਕ ਬਣ ਗਿਆ ਹੈ, ਇਸ ਪ੍ਰਕਿਰਿਆ ਵਿੱਚ ਸਮਾਂ ਲੱਗ ਸਕਦਾ ਹੈ।

# ਮਨੀਸ਼ ਸਿਸੋਦੀਆ ਦੀ ਅਗਵਾਈ ਹੇਠ ਨਸ਼ਾ ਵਿਰੋਧੀ ਮੁਹਿੰਮ ਨੂੰ ਲੈ ਕੇ ‘ਆਪ’ ਦੀ ਅਹਿਮ ਮੀਟਿੰਗ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੰਤਰੀਆਂ, ਵਿਧਾਇਕਾਂ ਅਤੇ ਬਲਾਕ ਤੇ ਜ਼ਿਲ੍ਹਾ ਪੱਧਰ 'ਤੇ ਨਸ਼ਾ ਮੁਕਤੀ ਮੋਰਚਾ ਦੇ ਮੈਂਬਰਾਂ ਸਮੇਤ ਆਗੂਆਂ ਨੇ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਦੀ ਸਮੀਖਿਆ ਕਰਨ ਅਤੇ ਇਸ ਨੂੰ ਹੋਰ ਮਜ਼ਬੂਤ ਕਰਨ ਲਈ 'ਆਪ' ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਦੀ ਅਗਵਾਈ ਹੇਠ ਇੱਕ ਅਹਿਮ ਮੀਟਿੰਗ ਕੀਤੀ।ਮੀਟਿੰਗ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦਿਆਂ ‘ਆਪ’ ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ‘ਆਪ’ ਸਰਕਾਰ ਪੰਜਾਬ ਦੀ ਪਹਿਲੀ ਅਜਿਹੀ ਸਰਕਾਰ ਹੈ ਜਿਸ ਨੇ ਨਸ਼ਾ ਤਸਕਰਾਂ ਅਤੇ ਸੌਦਾਗਰਾਂ ਵਿਰੁੱਧ ਉਨ੍ਹਾਂ ਦੀ ਸਿਆਸੀ ਮਾਨਤਾ ਜਾਂ ਰੁਤਬੇ ਦੀ ਪ੍ਰਵਾਹ ਕੀਤੇ ਬਿਨਾਂ ਸਖ਼ਤ ਅਤੇ ਨਿਰਪੱਖ ਕਾਰਵਾਈ ਕੀਤੀ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭਾਵੇਂ ਉਹ ਪਾਰਟੀ ਵਰਕਰ ਹੋਵੇ, ਸਰਪੰਚ ਹੋਵੇ, ਅਹੁਦੇਦਾਰ ਹੋਵੇ ਜਾਂ ਕੋਈ ਪ੍ਰਭਾਵਸ਼ਾਲੀ ਵਿਅਕਤੀ, ਜੇਕਰ ਨਸ਼ਾ ਤਸਕਰੀ ਵਿਚ ਸ਼ਾਮਲ ਪਾਇਆ ਗਿਆ ਤਾਂ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾ ਰਿਹਾ। ਉਨ੍ਹਾਂ ਦੇ ਨਾਲ ‘ਆਪ’ ਪੰਜਾਬ ਦੇ ਵਰਕਿੰਗ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਮੰਤਰੀ ਹਰਭਜਨ ਸਿੰਘ ਈ.ਟੀ.ਓ ਅਤੇ ਲਾਲਜੀਤ ਸਿੰਘ ਭੁੱਲਰ ਵੀ ਮੌਜੂਦ ਸਨ।ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਰਕਾਰ ਨੇ ਪ੍ਰਸ਼ਾਸਨ ਅਤੇ ਪੁਲਿਸ ਨੂੰ ਸਪੱਸ਼ਟ ਅਤੇ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਕਿਸੇ ਵੀ ਦੋਸ਼ੀ ਨੂੰ ਕਿਸੇ ਵੀ ਦਬਾਅ ਹੇਠ ਨਾ ਛੱਡਿਆ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਉਲਟ, ਜਿੱਥੇ ਸਿਆਸੀ ਦਖ਼ਲਅੰਦਾਜ਼ੀ ਨਸ਼ਾ ਤਸਕਰਾਂ ਨੂੰ ਬਚਾਉਂਦੀ ਸੀ, ‘ਆਪ’ ਸਰਕਾਰ ਹਰ ਕੇਸ ਵਿੱਚ ਸਖ਼ਤ ਕਾਰਵਾਈ ਨੂੰ ਯਕੀਨੀ ਬਣਾ ਰਹੀ ਹੈ।ਉਨ੍ਹਾਂ ਦੱਸਿਆ ਕਿ ਪਿਛਲੇ ਇੱਕ ਸਾਲ ਦੌਰਾਨ ਨਸ਼ਿਆਂ ਵਿਰੁੱਧ ਲੜਾਈ ਵਿੱਚ ਕਾਫੀ ਪ੍ਰਗਤੀ ਹੋਈ ਹੈ। ਧਾਲੀਵਾਲ ਨੇ ਕਿਹਾ, “ਨਸ਼ਾ ਸਪਲਾਈ ਚੇਨਾਂ ਨੂੰ ਸਖ਼ਤ ਮਾਰ ਪਈ ਹੈ, ਕਈ ਨੈਟਵਰਕ ਤਬਾਹ ਕਰ ਦਿੱਤੇ ਗਏ ਹਨ, ਅਤੇ ਕਈ ਮੁੱਖ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਸਾਡੀਆਂ ਟੀਮਾਂ ਨੇ ਅਣਥੱਕ ਮਿਹਨਤ ਕੀਤੀ ਹੈ, ਜਿਸ ਨਾਲ ਅਜਿਹੇ ਨਤੀਜੇ ਨਿਕਲੇ ਹਨ ਜੋ ਪੰਜਾਬ ਵਿੱਚ ਪਹਿਲਾਂ ਕਦੇ ਨਹੀਂ ਦੇਖੇ ਗਏ ਸਨ।ਪਿਛਲੀਆਂ ਸਰਕਾਰਾਂ 'ਤੇ ਚੁਟਕੀ ਲੈਂਦਿਆਂ ਉਨ੍ਹਾਂ ਦੋਸ਼ ਲਾਇਆ ਕਿ ਪਹਿਲੀਆਂ ਸਰਕਾਰਾਂ ਵੇਲੇ ਸਿਆਸੀ ਦਬਾਅ ਕਾਰਨ ਨਸ਼ਾ ਤਸਕਰੀ ਬਾਰੇ ਜਾਣਕਾਰੀ ਨੂੰ ਅਕਸਰ ਅਣਗੌਲਿਆ ਜਾਂ ਦਬਾ ਦਿੱਤਾ ਜਾਂਦਾ ਸੀ। ਉਨ੍ਹਾਂ ਦਾਅਵਾ ਕੀਤਾ ਕਿ ਅੱਜ ਸਥਿਤੀ ਬਦਲ ਗਈ ਹੈ ਅਤੇ ਜੇਕਰ ਕੋਈ ਵੀ ਨਸ਼ਾ ਤਸਕਰੀ ਵਿੱਚ ਸ਼ਾਮਲ ਜਾਂ ਇਸ ਨਾਲ ਜੁੜਿਆ ਪਾਇਆ ਜਾਂਦਾ ਹੈ, ਤਾਂ ਤੁਰੰਤ ਸਖ਼ਤ ਕਾਰਵਾਈ ਕੀਤੀ ਜਾਂਦੀ ਹੈ।ਧਾਲੀਵਾਲ ਨੇ ਅੱਗੇ ਕਿਹਾ ਕਿ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ‘ਯੁੱਧ ਨਸ਼ਿਆਂ ਵਿਰੁੱਧ’ ਨੂੰ ਸਰਗਰਮੀ ਨਾਲ ਜ਼ਮੀਨੀ ਪੱਧਰ ’ਤੇ ਲਿਜਾਇਆ ਜਾ ਰਿਹਾ ਹੈ। ਟੀਮਾਂ ਪਿੰਡਾਂ ਦਾ ਦੌਰਾ ਕਰ ਰਹੀਆਂ ਹਨ, ਸਥਾਨਕ ਲੋਕਾਂ ਨਾਲ ਗੱਲਬਾਤ ਕਰ ਰਹੀਆਂ ਹਨ ਅਤੇ ਸਮਾਜ ਵਿੱਚੋਂ ਨਸ਼ਿਆਂ ਨੂੰ ਖ਼ਤਮ ਕਰਨ ਲਈ ਜਾਗਰੂਕਤਾ ਪੈਦਾ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦਾ ਟੀਚਾ ਹਰ ਪਿੰਡ ਨੂੰ ਨਸ਼ਾ ਮੁਕਤ ਬਣਾਉਣਾ ਹੈ।ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਧਾਲੀਵਾਲ ਨੇ ਕਿਹਾ ਕਿ ਭਾਵੇਂ ਵੱਡੀਆਂ ਸਫਲਤਾਵਾਂ ਹਾਸਲ ਕੀਤੀਆਂ ਗਈਆਂ ਹਨ, ਪਰ ਨਸ਼ਿਆਂ ਵਿਰੁੱਧ ਜੰਗ ਅਜੇ ਵੀ ਜਾਰੀ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਇਹ ਲੜਾਈ ਉਦੋਂ ਤੱਕ ਨਹੀਂ ਰੁਕੇਗੀ ਜਦੋਂ ਤੱਕ ਪੰਜਾਬ ਪੂਰੀ ਤਰ੍ਹਾਂ ਨਸ਼ਾ ਮੁਕਤ ਨਹੀਂ ਹੋ ਜਾਂਦਾ।


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551


JK TYRE INC
JK TYRE
TOTAL CONTROL
KTD10-LEAO
Radial Truck Tire (Long Haul)
295/75R22.5
$2600
With Installation
Singh: 510-766-9382
JK JETSTEEL JDH
SPECIAL OFFER !!
DRIVE TIRE
11R22.5-
With Installation
Singh: 510-766-9382
Firestone FS591
SPECIAL OFFER !!
STEER TIRE
295/75R22.5
With Installation
Singh: 510-766-9382
11R22.5
With Installation
Singh: 510-766-9382
Sizes available in drive & trailer
295/75/22.5
11r/22.5
11r/24.5
255/70/22.5
315/80/22.5
425/65/22.5
JETWAY JTH 1
SPECIAL OFFER !!
TRAILER TIRE
11R22.5-
11R24.5-
With Installation
Singh: 510-766-9382
JETWAY JTH SD
SPECIAL OFFER !!
TRAILER TIRE
295/75R22.5-
With Installation
Singh: 510-766-9382
JK JETSTEEL JDL2
SPECIAL OFFER !!
DRIVE TIRE
11R22.5-
11R24.5-
295/75R22.5-
With Installation
Singh: 510-766-9382
FALKEN TIRES
GOODYEAR
KELLY TIRES
BARKLEY Feel the difference
PIRELLI
MICHELIN A better way forward
BRIDGESTONE
Firestone
YOKOHAMA
PEARLY
NAMA
TOYO TIRES driven to perform
Continental
DUNLOP TIRES
S. Singh Cell: (510) 766-9382
2955 N. Wilson Way Stockton , CA 95205


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

Surjit Singh Flora
6 Havelock Drive
Brampton, Canada
647-829-9397



# ਕੈਨੇਡਾ ਵਿੱਚ ਪੰਜਾਬੀ ਨੌਜਵਾਨਾਂ ਦੀਆਂ ਮੌਤਾਂ, ਟੁੱਟਦੇ ਸੁਪਨੇ ਅਤੇ ਭਾਈਚਾਰਾ

ਕੈਨੇਡਾ ਵਿੱਚ ਪੰਜਾਬੀ ਭਾਈਚਾਰੇ ਹਾਲ ਹੀ ਦੇ ਮਹੀਨਿਆਂ ਵਿੱਚ ਦੁਖਦਾਈ ਘਟਨਾਵਾਂ ਦੀ ਇੱਕ ਲਹਿਰ ਤੋਂ ਬਾਅਦ ਡੂੰਘਾ ਸੋਗ ਮਨਾ ਰਹੇ ਹਨ। ਕੈਨੇਡਾ ਵਿੱਚ ਹਾਲ ਹੀ ਵਿੱਚ ਮਾਰੇ ਗਏ ਪੰਜਾਬੀ ਨੌਜਵਾਨਾਂ ਦੀ ਖ਼ਬਰ ਨੇ ਪੰਜਾਬ ਦੇ ਘਰਾਂ ਵਿੱਚ ਸਦਮੇ ਦੀ ਲਹਿਰ ਫੈਲਾ ਦਿੱਤੀ ਹੈ। ਜਿਥੇ ਕਦੇ ਕੈਨੇਡਾ ਲੰਬੇ ਸਮੇਂ ਤੋਂ ਪੜ੍ਹਾਈ, ਕੰਮ, ਸੁਰੱਖਿਆ ਅਤੇ ਬਿਹਤਰ ਭਵਿੱਖ ਲਈ ਖੜ੍ਹਾ ਰਿਹਾ ਹੈ। ਉਥੇ ਹੁਣ ਹਰ ਬੇਵਕਤੀ ਮੌਤ ਉਸ ਸੁਪਨੇ ਨੂੰ ਹੋਰ ਵੀ ਕਮਜ਼ੋਰ ਮਹਿਸੂਸ ਕਰਵਾ ਰਹੀ ਹੈ।

ਪਿਛਲੇ ਮਹੀਨੇ 45 ਸਾਲਾ ਪੰਜਾਬੀ ਮੂਲ ਦੀ ਸੋਸ਼ਲ ਮੀਡੀਆ ਸਿਰਜਣਹਾਰ, ਨੈਨਸੀ ਗਰੇਵਾਲ, 3 ਮਾਰਚ, 2026 ਨੂੰ ਓਨਟਾਰੀਓ ਦੇ ਵਿੰਡਸਰ ਨੇੜੇ ਲਾਸਾਲੇ ਵਿੱਚ ਆਪਣੇ ਘਰ ਵਿੱਚ ਚਾਕੂ ਮਾਰ ਕੇ ਮਾਰ ਦਿੱਤਾ ਗਿਆ। ਪੁਲਿਸ ਇਸਨੂੰ ਨਿਸ਼ਾਨਾ ਹੱਤਿਆ ਕਹਿੰਦੀ ਹੈ ਕਿਉਂਕਿ ਉਸਦਾ ਘਰ ਪਹਿਲਾਂ ਸਾੜ ਦਿੱਤਾ ਗਿਆ ਸੀ, ਅਤੇ ਉਸਨੂੰ ਮੌਤ ਦੀਆਂ ਧਮਕੀਆਂ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਇਲਾਵਾ, ਜਬਰਦਸਤੀ ਦੀਆਂ ਧਮਕੀਆਂ ਪੰਜਾਬੀ ਕਾਰੋਬਾਰੀ ਮਾਲਕਾਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ, ਅਤੇ ਕੁਝ ਮੌਤਾਂ ਵਿੱਚ ਖਤਮ ਹੁੰਦੀਆਂ ਹਨ।

ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਵੀ ਉੱਚ ਮੌਤ ਦਰ ਦਾ ਸਾਹਮਣਾ ਕਰਨਾ ਪੈਂਦਾ ਹੈ; ਨੇਤਾਵਾਂ ਦਾ ਕਹਿਣਾ ਹੈ ਕਿ ਬਹੁਤ ਸਾਰੇ ਮਾਮਲੇ ਓਵਰਡੋਜ਼ ਜਾਂ ਮਾਨਸਿਕ ਸਿਹਤ ਸਮੱਸਿਆਵਾਂ ਵਜੋਂ ਛੁਪਦੇ ਹਨ, ਫਿਰ ਵੀ ਪਰਿਵਾਰ ਦਿਲ ਦੇ ਦੌਰੇ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ। ਇਹ ਨੁਕਸਾਨ ਬ੍ਰਿਟਸ਼ ਕੋਲੰਬੀਆ, ਅਲਬਰਟਾ ਅਤੇ ਓਨਟਾਰੀਓ ਵਿੱਚ ਸੜਕ ਹਾਦਸਿਆਂ ਤੋਂ ਲੈ ਕੇ ਕਾਮਿਆਂ ਦੇ ਰਹੱਸਮਈ ਗੁਜ਼ਰਨ ਤੱਕ ਫੈਲਦੇ ਰਹੇ ਹਨ।

ਜਦ ਹੁਣ ਕੈਨੇਡਾ ਅਤੇ ਪੰਜਾਬ ਵਿੱਚ ਪਰਿਵਾਰ ਦਿਲ ਟੁੱਟੇ ਹੋਏ ਮਹਿਸੂਸ ਕਰਦੇ ਹਨ, ਇਸ ਲਈ ਮਾਨਸਿਕ ਸਿਹਤ ਤਣਾਅ ਵਧਦਾ ਹੈ। ਭਾਈਚਾਰੇ ਦੇ ਮੈਂਬਰ ਹੁਣ ਸੁਰੱਖਿਆ ਬਾਰੇ ਚਿੰਤਤ ਹਨ, ਅਤੇ ਉਹ ਬਿਹਤਰ ਸੁਰੱਖਿਆ ਲਈ ਜ਼ੋਰ ਦਿੰਦੇ ਹਨ। ਇਸ ਦੌਰਾਨ, ਆਗੂ ਸਾਰਿਆਂ ਦੀ ਰੱਖਿਆ ਲਈ ਏਕਤਾ ਦਾ ਸੱਦਾ ਦਿੰਦੇ ਹਨ। ਨਤੀਜੇ ਵਜੋਂ, ਅਣ-ਰਿਪੋਰਟ ਕੀਤੀਆਂ ਮੌਤਾਂ ਬਾਰੇ ਚਰਚਾ ਤੇਜ਼ੀ ਨਾਲ ਵਧਦੀ ਹੈ। ਸਭ ਤੋਂ ਵੱਧ, ਇਹ ਘਟਨਾਵਾਂ ਰੋਜ਼ਾਨਾ ਜੀਵਨ ਵਿੱਚ ਵਿਸ਼ਵਾਸ ਨੂੰ ਹਿਲਾਉਂਦੀਆਂ ਹਨ। ਫਿਰ ਵੀ, ਭਾਈਚਾਰੇ ਤਬਦੀਲੀ ਲਈ ਇਕੱਠੇ ਖੜ੍ਹੇ ਹਨ।

ਜਦੋਂ ਕਿ ਕੈਨੇਡਾ ਨੂੰ ਲੰਮੇ ਸਮੇਂ ਤੋਂ ਪੜ੍ਹਾਈ, ਨੌਕਰੀ, ਸੁਰੱਖਿਆ ਅਤੇ ਚੰਗੇ ਭਵਿੱਖ ਵਾਲਾ ਦੇਸ਼ ਮੰਨਿਆਂ ਜਾਂਦਾ ਹੈ। ਜਿਥੇ ਲੱਖਾਂ ਲੋਕਾਂ ਨੇ ਇਸ ਨੂੰ ਆਪਣਾ ਪਸੰਦੀ ਦਾ ਦੇਸ਼ ਮੰਨ ਕੇ ਆਪਣਾ ਭਵਿੱਖ ਦੂਸਰੇ ਮੁਲਕਾਂ ਤੋਂ ਆ ਕੇ ਇਕ ਖੁਸ਼ਹਾਲ ਜ਼ਿੰਦਗੀ ਵਾਲਾ ਵਸੇਰਾ ਕੀਤਾ ਹੈ। ਪਰ ਜਾਪਦਾ ਹੈ ਕੁਝ ਸਾਲਾਂ ਤੋਂ ਪੰਜਾਬੀ ਭਾਈਚਾਰੇ ਲਈ ਇਹ ਇਕ ਤਰ੍ਹਾਂ ਨਾਲ ਜਿਵੇਂ ਜਮਦੂਤ ਹੀ ਬਣ ਗਿਆ ਹੋਵੇਂ ਹਰ ਰੋਜ਼ ਕਿਸੇ ਨਾ ਕਿਸੇ ਆਪਣੇ ਪਿਆਰੇ ਦੀ ਮੌਤ ਦੀ ਖ਼ਬਰ ਲੈ ਕੇ ਆਉਂਦਾ ਹੈ। ਪਿਛਲੇ ਕੁਝ ਹੀ ਮਹੀਨਿਆਂ ਵਿੱਚ ਬਹੁਤ ਪੰਜਾਬੀ ਭਾਏਚਾਰੇ ਦੇ ਲੋਕਾਂ ਦੀਆਂ ਗੋਲੀਆਂ ਨਾਲ ਮਾਰੇ ਜਾਣ ਦੀਆਂ ਖ਼ਬਰਾਂ ਦੁਨੀਆਂ ਭਰ ਦੇ ਮੀਡੀਏ ਦੀਆਂ ਸੁਰਖ਼ੀਆਂ ਬਣਦਾ ਜਾ ਰਿਹਾ ਹੈ। ਨੌਜਵਾਨਾਂ ਅਤੇ ਪਰਿਵਾਰਾਂ ਦੇ ਸੁਪਨੇ ਕੱਚ ਵਾਂਗ ਟੁਟ ਕੇ ਵਿਖਰਦੇ ਹੋਏ ਨਜ਼ਰ ਆ ਰਹੇ ਹਨ।

ਹਾਲ ਹੀ ਦੇ ਮਹੀਨਿਆਂ ਵਿੱਚ ਕਈ ਮਾਮਲਿਆਂ ਨੇ ਪੰਜਾਬੀ ਭਾਈਚਾਰੇ ਨੂੰ ਜ਼ੋਰ ਨਾਲ ਹਿਲਾ ਕੇ ਹੀ ਨਹੀਂ ਬੱਲਕੇ ਆਪਣਾ ਅਤੇ ਆਪਣੇ ਬੱਚਿਆਂ ਦੇ ਭਵਿੱਖ ਦੇ ਨਾਲ- ਨਾਲ ਕੈਨੇਡਾ ਜਾਣ ਦੇ ਸੁਪਨਿਆਂ ਨੂੰ ਵੀ ਗ੍ਰਹਿਣ ਲਗਾ ਲਿਆ ਹੈ। ਮੌਤਾਂ ਦੇ ਕਾਰਨ ਭਾਵੇਂ ਵੱਖ ਵੱਖ ਸਨ, ਹਾਲਾਤ ਵੱਖ ਸਨ, ਪਰ ਦਰਦ ਇਕੋ ਜਿਹਾ ਸੀ। ਕਿਤੇ ਝਗੜਾ ਜਾਨ ਲੈ ਗਿਆ, ਕਿਤੇ ਕੰਮ ਕਰਦੇ ਇੰਤਜ਼ਾਰ ਵਿੱਚ ਬੈਠੇ ਵਿਅਕਤੀ ਦੀ ਜ਼ਿੰਦਗੀ ਮੁੱਕ ਗਈ, ਅਤੇ ਕਿਤੇ ਸੜਕ ਉੱਤੇ ਗੁੱਸਾ ਗੋਲੀਆਂ ਤੱਕ ਪਹੁੰਚ ਗਿਆ।

ਫੋਰਟ ਸੇਂਟ ਪਾਲ ਵਿੱਚ ਗੁਰਕੀਰਤ ਸਿੰਘ ਮਨੋਚਾ ਦੋ ਗਰੁੱਪਾਂ ਵਿਚਕਾਰ ਹੋਏ ਝਗੜੇ ਵਿੱਚ ਗੰਭੀਰ ਜ਼ਖ਼ਮੀ ਹੋਇਆ। ਇਲਾਜ਼ ਦੌਰਾਨ ਉਸਦੀ ਮੌਤ ਹੋ ਗਈ। ਇੱਕ ਜਵਾਨ ਜ਼ਿੰਦਗੀ ਅਚਾਨਕ ਰੁੱਕ ਗਈ, ਅਤੇ ਪਿੱਛੇ ਪਰਿਵਾਰ ਲਈ ਕਈ ਸਵਾਲ ਛੱਡ ਗਈ। ਪੰਜਾਬ ਵਿੱਚ ਬੈਠੇ ਮਾਪਿਆਂ ਲਈ ਇਹ ਖ਼ਬਰ ਸਿਰਫ਼ ਇੱਕ ਘਟਨਾ ਨਹੀਂ ਸੀ, ਇਹ ਉਹ ਸੁਪਨਾ ਟੁੱਟਣਾ ਸੀ ਜਿਸ ਲਈ ਬੱਚੇ ਨੂੰ ਪਰਦੇਸ ਭੇਜਿਆ ਜਾਂਦਾ ਹੈ। ਸਥਾਨਕ ਪੰਜਾਬੀ ਭਾਈਚਾਰੇ ਨੇ ਵੀ ਇਸਨੂੰ ਆਪਣਾ ਨਿੱਜੀ ਦੁੱਖ ਮੰਨਿਆ।

ਬ੍ਰੈਂਟਫੋਰਡ, ਸੈਸਕੈਚਵਾਨ ਵਿੱਚ ਦਵਿੰਦਰ ਸਿੰਘ ਆਪਣੀ ਟੈਕਸੀ ਵਿੱਚ ਮੋਟਲ ਦੇ ਬਾਹਰ ਇੰਤਜ਼ਾਰ ਕਰ ਰਿਹਾ ਸੀ। ਓਦੋਂ ਉਸਨੂੰ ਗੋਲੀ ਲੱਗੀ ਅਤੇ ਉਸਦੀ ਮੌਤ ਹੋ ਗਈ। ਉਹ ਪਰਿਵਾਰ ਸਮੇਤ ਕੈਨੇਡਾ ਆਇਆ ਸੀ, ਇਸ ਆਸ ਨਾਲ ਕਿ ਮਿਹਨਤ ਨਾਲ ਘਰ ਸੰਭਲ ਜਾਵੇਗਾ।

ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਂਦਾ ਇੱਕ ਕਮਾਉ ਪੁੱਤ ਅਚਾਨਕ ਚਲਾ ਗਿਆ। ਅਜਿਹੀ ਮੌਤ ਸਿਰਫ਼ ਇੱਕ ਸ਼ਖ਼ਸ ਨੂੰ ਨਹੀਂ ਲੈਂਦੀ, ਇਹ ਪਿੱਛੇ ਪੂਰੇ ਘਰ ਦੀ ਰੋਜ਼ਮਰਰਾ ਵੀ ਬਦਲ ਦੇਂਦੀ ਹੈ।

ਐਡਮਾਂਟਨ ਨੇੜੇ ਹਾਈਵੇ 2 ਉੱਤੇ ਬੀਰਿੰਦਰ ਸਿੰਘ ਰੋਡ ਝਗੜੇ ਦਾ ਸ਼ਿਕਾਰ ਬਣਿਆ। ਅਣਪਛਾਤੇ ਹਮਲਾਵਰਾਂ ਨੇ ਉਸ ਉੱਤੇ ਗੋਲੀਆਂ ਚਲਾਈਆਂ। ਬੀਰਿੰਦਰ ਅੰਮ੍ਰਿਤਸਰ ਦਾ ਸੀ। ਉਹ ਸਟੱਡੀ ਵੀਜ਼ੇ ਤੇ ਕੈਨੇਡਾ ਆਇਆ ਸੀ ਅਤੇ ਕੰਸਟਰਕਸ਼ਨ ਕੰਮ ਕਰ ਰਿਹਾ ਸੀ। ਘਰ ਵਾਲਿਆਂ ਲਈ ਉਹ ਉਮੀਦ ਸੀ, ਪਰਦੇਸ ਵਿੱਚ ਖੜ੍ਹਾ ਹੋ ਰਿਹਾ ਇੱਕ ਜਵਾਨ ਸੀ। ਸੜਕ ਉੱਤੇ ਛੋਟੀ ਚਿੰਗਾਰੀ ਕਿਵੇਂ ਜਾਨਲੇਵਾ ਅੱਗ ਬਣ ਸਕਦੀ ਹੈ, ਇਹ ਮਾਮਲਾ ਉਸਦਾ ਦਰਦਨਾਕ ਸਬੂਤ ਬਣ ਗਿਆ।

ਗੋਲੀਬਾਰੀ ਵਾਲੇ ਮਾਮਲੇ ਹੀ ਚਿੰਤਾ ਦਾ ਇਕੱਲਾ ਕਾਰਨ ਨਹੀਂ ਹਨ। ਕੈਨੇਡਾ ਦੇ ਵੱਖ ਵੱਖ ਸੂਬਿਆਂ ਤੋਂ ਆਉਣ ਵਾਲੀਆਂ ਹੋਰ ਖ਼ਬਰਾਂ ਵੀ ਇੱਕ ਡੂੰਘਾ ਪੈਟਰਨ ਦਿਖਾਉਂਦੀਆਂ ਹਨ। ਸੜਕ ਹਾਦਸੇ, ਅਚਾਨਕ ਦਿਲ ਦੇ ਦੌਰੇ, ਸ਼ੱਕੀ ਮੌਤਾਂ, ਅਤੇ ਕੁਝ ਮਾਮਲਿਆਂ ਵਿੱਚ ਮਾਨਸਿਕ ਦਬਾਅ ਨਾਲ ਜੁੜੀਆਂ ਤਰਾਸਦੀਆਂ, ਇਹ ਸਭ ਮਿਲ ਕੇ ਭਾਈਚਾਰੇ ਦੀ ਬੇਚੈਨੀ ਵਧਾਉਂਦੀਆਂ ਹਨ।

ਬ੍ਰਿਟਿਸ਼ ਕੋਲੰਬੀਆ ਵਿੱਚ ਅਲਾਸਕਾ ਹਾਈਵੇ, ਫੋਰਟ ਨੇਲਸਨ ਨੇੜੇ, ਟਰੱਕ ਹਾਦਸੇ ਵਿੱਚ ਦੋ ਪੰਜਾਬੀ ਨੌਜਵਾਨਾਂ ਦੀ ਮੌਤ ਦੀ ਖ਼ਬਰ ਨੇ ਵੀ ਕਈ ਘਰ ਸੁੰਨੇ ਕਰ ਦਿੱਤੇ। ਸੜਕਾਂ ਰੋਜ਼ੀ ਦਿੰਦੀਆਂ ਹਨ, ਪਰ ਕਈ ਵਾਰ ਉਹੀ ਸੜਕਾਂ ਜਾਨ ਵੀ ਲੈ ਲੈਂਦੀਆਂ ਹਨ। ਦੂਜੇ ਪਾਸੇ, ਐਡਮਾਂਟਨ ਵਿੱਚ ਰਣਵੀਰ ਸਿੰਘ ਨੂੰ ਪਾਰਟੀ ਤੋਂ ਬਾਅਦ ਵਿੱਚ ਗੋਲੀ ਮਾਰੀ ਗਈ। ਉਹ ਮਾਨਸਾ ਨਾਲ ਸੰਬੰਧਿਤ ਸੀ। ਇਹ ਘਟਨਾਵਾਂ ਦੱਸਦੀਆਂ ਹਨ ਕਿ ਖ਼ਤਰਾ ਸਿਰਫ਼ ਇੱਕ ਸ਼ਹਿਰ ਜਾਂ ਇੱਕ ਹਾਲਾਤ ਤੱਕ ਸੀਮਿਤ ਨਹੀਂ ਰਿਹਾ।

ਇਸ ਤੋਂ ਪਹਿਲਾਂ 25 ਸਾਲਾ ਸੁਖਜਿੰਦਰ ਸਿੰਘ, ਜੋ ਮੋਗਾ ਦੇ ਪਿੰਡ ਨਾਲ ਸੰਬੰਧਿਤ ਸੀ, ਦਿਲ ਦੇ ਦੌਰੇ ਨਾਲ ਚਲਾ ਗਿਆ। ਉਹ ਤਿੰਨ ਸਾਲ ਪਹਿਲਾਂ ਸਟੱਡੀ ਵੀਜ਼ੇ ਤੇ ਕੈਨੇਡਾ ਆਇਅ ਸੀ। ਕੇਵਲ ਤਿੰਨ ਦਿਨ ਪਹਿਲਾਂ ਉਸਨੂੰ ਵਰਕ ਪਰਮਿਟ ਮਿਲਿਆ ਸੀ, ਅਤੇ ਉਹ ਪਰਿਵਾਰ ਨੂੰ ਚੌਂਕਾਉਣ ਲਈ ਜਲਦੀ ਭਾਰਤ ਆਉਣਾ ਚਾਹੁੰਦਾ ਸੀ। ਖੁਸ਼ੀ ਦਾ ਸੋਚਿਆ ਹੋਇਆ ਪਲ ਸੋਗ ਵਿੱਚ ਬਦਲ ਗਿਆ।

ਲੁਧਿਆਣਾ ਦੇ 27 ਸਾਲਾ ਅੰਮਰਵੀਰ ਸਿੰਘ ਦੀ ਬ੍ਰੈਂਪਟਨ ਵਿੱਚ ਦਿਲ ਦੇ ਦੌਰੇ ਨਾਲ ਮੌਤ ਹੋਈ। ਉਹ ਉੱਚੀ ਪੜ੍ਹਾਈ ਲਈ ਗਿਆ ਸੀ ਅਤੇ ਬਾਅਦ ਵਿੱਚ ਵਰਕ ਪਰਮਿਟ ਉੱਤੇ ਟਰੱਕ ਡਰਾਈਵਰ ਵਜੋਂ ਕੰਮ ਕਰ ਰਿਹਾ ਸੀ।

ਕੈਲਗਰੀ ਦੇ ਰੈਡਸਟੋਨ ਇਲਾਕੇ ਵਿੱਚ ਇਕਮਵੀਰ ਸਿੰਘ ਅਤੇ ਉਸਦੀ ਪਤਨੀ ਜੈਸਮੀਨ ਕੌਰ ਦੀਆਂ ਖੂਨ ਨਾਲ ਲਥਪਥ ਲਾਸ਼ਾਂ ਮਿਲਣ ਦੀ ਖ਼ਬਰ ਨੇ ਹੋਰ ਡਰ ਪੈਦਾ ਕੀਤਾ। ਇਸਦੇ ਨਾਲ ਹੀ ਸਰੀ ਵਿੱਚ ਰਹਿੰਦਾ 24 ਸਾਲਾ ਰਾਜਪ੍ਰੀਤ ਸਿੰਘ, ਜੋ ਸਟੱਡੀ ਵੀਜ਼ੇ ਤੇ ਸੀ, ਅਚਾਨਕ ਮਰ ਗਿਆ।

ਟੋਰਾਂਟੋ ਦੇ ਇੱਕ ਕ੍ਰੀਮੇਟੋਰੀਅਮ ਇੰਚਾਰਜ ਮੁਤਾਬਕ, ਲਗਭਗ ਹਰ ਹਫ਼ਤੇ ਇੱਕ ਨੌਜਵਾਨ ਪੰਜਾਬੀ ਦਾ ਸ਼ਵ ਅੰਤਿਮ ਸੰਸਕਾਰ ਲਈ ਆ ਜਾਂਦਾ ਹੈ, ਅਤੇ ਬਹੁਤ ਕੇਸ ਸੁਸਾਈਡ ਜਾਂ ਡਰੱਗ ਓਵਰਡੋਜ਼ ਨਾਲ ਜੁੜੇ ਹੁੰਦੇ ਹਨ।

ਪੰਜਾਬੀ ਭਾਈਚਾਰੇ ਲਈ ਸੁਰੱਖਿਆ ਦੀਆਂ ਚੁਣੌਤੀਆਂ ਅਤੇ ਅੱਗੇ ਵਧਣ ਦੇ ਰਾਹ

ਇਨ੍ਹਾਂ ਘਟਨਾਵਾਂ ਦੇ ਕਾਰਨ ਇੱਕੋ ਜਿਹੇ ਨਹੀਂ ਹਨ। ਕੁਝ ਮਾਮਲੇ ਰੋਡ ਰਾਗ ਨਾਲ ਜੁੜੇ ਦਿਸਦੇ ਹਨ, ਕੁਝ ਅਚਾਨਕ ਸਿਹਤ ਸੰਬੰਧੀ ਹਨ, ਅਤੇ ਕੁਝ ਵਿੱਚ ਤਣਾਅ, ਇਕੱਲਾਪਣ, ਸੁਸਾਈਡ ਜਾਂ ਡਰੱਗ ਓਵਰਡੋਜ਼ ਵਰਗੇ ਪਾਸੇ ਸਾਹਮਣੇ ਆਉਂਦੇ ਹਨ। ਨਵੇਂ ਦੇਸ਼ ਵਿੱਚ ਰਹਿਣਾ ਹਮੇਸ਼ਾ ਚਮਕਦਾਰ ਨਹੀਂ ਹੁੰਦਾ। ਫੀਸਾਂ, ਕਿਰਾਇਆ, ਸ਼ਿਫਟਾਂ, ਕਾਗਜ਼ੀ ਦਬਾਅ ਅਤੇ ਘਰ ਤੋਂ ਦੂਰੀ, ਇਹ ਸਭ ਮਿਲ ਕੇ ਮਨ ਨੂੰ ਥਕਾ ਅਤੇ ਬੇਚੈਂਨ ਕਰ ਸਕਦੇ ਹਨ।

ਇਸ ਲਈ ਧਿਆਨ ਤਿੰਨ ਪੱਧਰਾਂ ਤੇ ਲੋੜੀਂਦਾ ਹੈ, ਪਰਿਵਾਰ, ਸਿੱਖਿਆ ਸੰਸਥਾਵਾਂ ਅਤੇ ਭਾਈਚਾਰਾ। ਘਰ ਵਾਲਿਆਂ ਨੂੰ ਕੇਵਲ ਪੈਸੇ ਜਾਂ ਨੰਬਰ ਨਹੀਂ ਪੁੱਛਣੇ ਚਾਹੀਦੇ, ਬੱਚੇ ਦੀ ਹਾਲਤ ਵੀ ਸੁਣਨੀ ਚਾਹੀਦੀ ਹੈ। ਕਾਲਜਾਂ ਅਤੇ ਸਥਾਨਕ ਗੁਰਦੁਆਰਿਆਂ ਨੂੰ ਨਵੇਂ ਆਏ ਨੌਜਵਾਨਾਂ ਲਈ ਮਦਦ ਦੇ ਸਪਸ਼ਟ ਰਾਹ ਬਣਾਉਣੇ ਚਾਹੀਦੇ ਹਨ।

ਇਸ ਦੁੱਖ ਵਿਚਕਾਰ ਉਮੀਦ ਫਿਰ ਵੀ ਮੌਜੂਦ ਹੈ, ਜੇ ਭਾਈਚਾਰਾ ਚੁੱਪ ਨਾ ਰਹੇ।

ਆਖ਼ਿਰ ਵਿੱਚ ਗੱਲ ਸਿਰਫ਼ ਕੈਨੇਡਾ ਦੇ ਸੁਪਨੇ ਦੀ ਨਹੀਂ, ਉਸ ਸੁਪਨੇ ਨਾਲ ਜੁੜੇ ਜੀਉਂਦੇ ਚਿਹਰਿਆਂ ਦੀ ਹੈ। ਗੁਰਕੀਰਤ, ਦਵਿੰਦਰ, ਬੀਰਿੰਦਰ, ਸੁਖਜਿੰਦਰ, ਅੰਮਰਵੀਰ, ਰਾਜਪ੍ਰੀਤ, ਮਨਦੀਪ ਅਤੇ ਹੋਰ ਕਈ ਨਾਂ ਕੇਵਲ ਖ਼ਬਰਾਂ ਨਹੀਂ, ਘਰਾਂ ਦੀਆਂ ਧੜਕਣਾਂ ਸਨ। ਹਰ ਮੌਤ ਇਹ ਯਾਦ ਦਿਵਾਉਂਦੀ ਹੈ ਕਿ ਪਰਦੇਸ ਦੀ ਕਾਮਯਾਬੀ ਨਾਲ ਨਾਲ ਸੁਰੱਖਿਆ, ਸਿਹਤ ਅਤੇ ਮਨ ਦੀ ਹਾਲਤ ਬਾਰੇ ਖੁੱਲ੍ਹੀ ਗੱਲਬਾਤ ਵੀ ਲੋੜੀਂਦੀ ਹੈ। ਪੰਜਾਬੀ ਭਾਈਚਾਰੇ ਨੂੰ ਹੁਣ ਹੋਰ ਨੇੜੇ ਆਉਣ ਦੀ ਲੋੜ ਹੈ, ਇਕ ਦੂਜੇ ਨੂੰ ਸੁਣਨ ਦੀ ਲੋੜ ਹੈ। ਜੇ ਘਰ, ਗੁਰਦੁਆਰੇ, ਦੋਸਤ ਅਤੇ ਸੰਸਥਾਵਾਂ ਮਿਲ ਕੇ ਖੜ੍ਹਣ, ਤਾਂ ਕਈ ਜਿੰਦਗੀਆਂ ਬਚ ਸਕਦੀਆਂ ਹਨ। ਦੁੱਖ ਡੂੰਘਾ ਹੈ, ਪਰ ਸਾਂਝ ਨਾਲ ਰਾਹ ਫਿਰ ਵੀ ਨਿਕਲ ਸਕਦਾ ਹੈ।






ਔਰਨ ਕੀ ਹੋਲੀ ਮਮ ਹੋਲਾ। ਕਹਯੋ ਕ੍ਰਿਪਾਨਿਧ ਬਚਨ ਅਮੋਲਾ॥




# ਸਮੂਹ ਪੰਥ ਨੂੰ 'ਹੋਲੇ ਮਹੱਲੇ' ਦੀਆਂ ਲੱਖ ਲੱਖ ਵਧਾਈਆਂ।

ਸਭ ਤੋਂ ਸ਼ਕਤੀਸ਼ਾਲੀ ਤੇ ਆਧਿਆਤਮਿਕ ਤੌਰ 'ਤੇ ਜੀਵੰਤ ਸਿੱਖ ਤਿਉਹਾਰਾਂ ਵਿੱਚੋਂ ਇੱਕ 'ਹੋਲਾ ਮਹੱਲਾ'
ਸਿੱਖ ਗੁਰਦਵਾਰਾ ਸੈਨ ਹੋਜ਼ੇ ਵਿਖੇ ਬੜੀ ਹੀ ਸ਼ਰਧਾ ਤੇ ਜੰਗਜੂ ਮਾਣ ਨਾਲ
**22 ਮਾਰਚ 2026 (ਦਿਨ ਐਤਵਾਰ) ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ** ਮਨਾਇਆ ਜਾ ਰਿਹਾ ਹੈ।

## ਇਲਾਕੇ ਦੀਆਂ ਸਮੂਹ ਸਿੱਖ ਸੰਗਤਾਂ ਇਸ ਸਮਾਗਮ 'ਚ ਕਰਨਗੀਆਂ ਸ਼ਿਰਕਤ।



ਦਿਖਾਏ ਜਾਣਗੇ ਗਤਕੇ ਦੇ ਜੌਹਰ।

ਇਸ ਮੌਕੇ ਘੋੜਸਵਾਰੀ, ਬਾਸਕਟਬਾਲ ਤੇ ਵਾਲੀਬਾਲ ਮੈਚ, ਬੱਚਿਆਂ ਤੇ ਵੱਡਿਆਂ ਦੀਆਂ ਦੌੜਾਂ ਅਤੇ
ਨਾਲ ਹੀ ਵੱਖ-ਵੱਖ ਸੁਆਦਿਸ਼ਟ ਪਕਵਾਨਾਂ ਦੀਆਂ ਸਟਾਲਾਂ ਜਿਸ 'ਚ ਗੰਨੇ ਦਾ ਰਸ ਅਤੇ ਭੁੰਨੀਆਂ ਛੱਲੀਆਂ ਵੀ ਹੋਣਗੀਆਂ।




Evergreen Valley High School 'ਚ ਗੱਡੀਆਂ ਦੀ ਪਾਰਕਿੰਗ ਉਪਲਬਧ
ਸੰਗਤਾਂ ਲਈ ਗੁਰਦਵਾਰਾ ਸਾਹਿਬ ਤੱਕ ਸਾਰਾ ਦਿਨ ਸ਼ਟਲ ਸੇਵਾ ਰਹੇਗੀ ਉਪਲਬਧ



ਇਲਾਕੇ ਵਿੱਚ ਵਸਦੇ ਹਰ ਸਿੱਖ ਨੂੰ ਅਪੀਲ ਹੈ ਕਿ ਉਹ ਗੁਰੂ ਸਾਹਿਬ ਦੀਆਂ ਖੁਸ਼ੀਆਂ ਦਾ ਹਿੱਸਾ ਬਣਨ।

**ADDRESS :**
3636 Gurdwara Avenue, San Jose
California 95148, AMERICA

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**
ਜਨਰਲ ਪੁੱਛਗਿੱਛ: ਸੁਖਦੇਵ ਸਿੰਘ ਬੈਣੀਵਾਲ – (408) 421-9463 | ਬੂਥਾਂ ਲਈ: ਖੁਸ਼ਵਿੰਦਰਪਾਲ ਸਿੰਘ – (408) 507-1290
ਲੰਗਰ ਸੇਵਾ ਲਈ: ਹਰਜਿੰਦਰ ਸਿੰਘ ਲੱਧੜ – (408) 904-9158 | ਬਾਸਕਟਬਾਲ ਲਈ: ਸਤਿੰਦਰ ਸਿੰਘ ਮੱਘਰ – (408) 307-6179
ਵਾਲੀਬਾਲ ਲਈ: ਹਰਜਿੰਦਰ ਸਿੰਘ – (669) 649-0049 | ਹੋਰ ਕਿਸੇ ਵੀ ਜਾਣਕਾਰੀ ਲਈ: ਗੁਰਦੁਆਰਾ ਸਾਹਿਬ – (408) 274-9373


Pal Films
Production
All Your Photo/Videography &
Post Production needs Under One Roof
RED PRO 5.0
RED
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



Office Ph.(916) 427-4321

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

Drug and Alcohol Test

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

Lab. Ph:(916) 680-9293

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਕੁਦਰਤ, ਪਾਣੀ ਤੇ ਅਜੋਕਾ ਮਨੁੱਖ

ਧਰਤੀ ਨੌਂ ਗ੍ਰਹਿਆਂ ਵਿੱਚੋਂ ਇੱਕੋ ਇੱਕ ਅਜਿਹਾ ਗ੍ਰਹਿ ਹੈ ਜਿਥੇ ਜੀਵਨ ਦੀ ਹੋਂਦ ਸੰਭਵ ਹੈ, ਹਾਲਾਂਕਿ ਵਿਗਿਆਨੀ ਆਪਣੇ ਵੱਲੋਂ ਪੂਰੀ ਵਾਹ ਲਾ ਰਹੇ ਹਨ ਕਿ ਚੰਨ ਅਤੇ ਮੰਗਲ ਗ੍ਰਹਿ ਤੇ ਵੀ ਜੀਵਨ ਦੀ ਹੋਂਦ ਲੱਭੀ ਜਾਵੇ ਪਰੰਤੂ ਇਹ ਏਨਾ ਸੌਖਾ ਨਹੀਂ ਜਿਨ੍ਹਾਂ ਜਾਪਦਾ ਹੈ ਕਿਉਂਕਿ ਕੁਦਰਤ ਨੇ ਧਰਤੀ ਨੂੰ ਹੀ ਨੂੰ ਹੀ ਇਸ ਕਾਬਿਲ ਬਣਾਇਆ ਹੈ ਕਿ ਉਹ ਆਪਣੇ ਬੱਚਿਆਂ ਦੀਆਂ ਤਮਾਮ ਲੋੜਾਂ ਪੂਰੀਆਂ ਕਰ ਸਕੇ,ਇਹੀ ਕਾਰਣ ਹੈ ਕਿ ਧਰਤੀ ਨੂੰ ਮਾਂ ਦਾ ਦਰਜਾ ਦਿੱਤਾ ਗਿਆ। ਮਨੁੱਖ ਦੀਆਂ ਧਰਤੀ ਤੇ ਬੁਨਿਆਦੀ ਲੋੜਾਂ ਸਾਂਹ ਲੈਣ ਤੋਂ ਬਾਅਦ ਰੋਟੀ ਕਪੜਾ ਅਤੇ ਮਕਾਨ ਹਨ।ਸਭ ਤੋਂ ਜ਼ਰੂਰੀ ਅਤੇ ਮਹੱਤਵਪੂਰਨ ਲੋੜ ਰੋਟੀ ਅਤੇ ਉਸ ਤੋਂ ਪਹਿਲਾਂ ਪਾਣੀ ਹੈ। ਸਾਂਹ ਲੈਣ ਤੋਂ ਬਾਅਦ ਮਨੁੱਖ ਜ਼ਿਆਦਾ ਸਮੇਂ ਤੱਕ ਪਾਣੀ ਬਿਨਾਂ ਜਿਉਂਦਾ ਨਹੀਂ ਰਹਿ ਸਕਦਾ।ਪਾਣੀ ਕੁਦਰਤ ਦੀ ਅਨਮੋਲ ਦਾਤ ਹੈ ਜੋ ਧਰਤੀ ਦੇ ਹਰ ਬਾਸ਼ਿੰਦੇ ਨੂੰ ਮੁਫ਼ਤ ਪ੍ਰਦਾਨ ਕੀਤੀ ਗਈ ਹੈ ਪਰੰਤੂ ਤਕਨਾਲੋਜੀ ਅਤੇ ਵਿਗਿਆਨ ਦੀਆਂ ਕਾਢਾਂ ਦੇ ਨਾਲ ਨਾਲ ਮਨੁੱਖ ਦੇ ਅੰਨ੍ਹੇ ਲਾਲਚ ਨੇ ਪਾਣੀ ਵੀ ਬੋਤਲਾਂ ਵਿੱਚ ਬੰਦ ਕਰਕੇ ਸੋਅ ਰੂਮ ਦੇ ਸ਼ੀਸ਼ਿਆਂ ਵਿੱਚ ਚਿਣ ਕੇ ਰਖਵਾ ਦਿੱਤਾ।

ਪਾਣੀ ਦਾ ਵਿਗਿਆਨਕ ਅਧਿਐਨ ਕਰਨ ਤੇ ਪਤਾ ਲਗਦਾ ਹੈ ਕਿ ਪਾਣੀ ਹਾਈਡ੍ਰੋਜਨ ਅਤੇ ਆਕਸੀਜਨ ਨਾਮਕ ਗੈਸਾਂ ਤੋਂ ਮਿਲਕੇ ਬਣਿਆ ਹੈ ਜਿਸਦਾ ਰਸਾਇਣਕ ਸੰਕੇਤ (ੂ2ੌ) ਹੈ ਭਾਵ ਪਾਣੀ ਹਾਈਡ੍ਰੋਜਨ ਦੇ ਦੋ ਅਤੇ ਆਕਸੀਜਨ ਦੇ ਇੱਕ ਅਣੂ ਤੋਂ ਮਿਲਕੇ ਬਣਿਆ ਹੈ।ਪਾਣੀ ਧਰਤੀ ਤੇ ਜੀਵਨ ਦੀ ਹੋਂਦ ਦੀ ਸ਼ੁਰੂਆਤੀ ਕਹਾਣੀ ਨੂੰ ਬਿਆਨ ਕਰਦਾ ਹੈ।

ਇਤਿਹਾਸ ਗਵਾਹ ਹੈ ਕਿ ਜਿੰਨੀਆਂ ਵੀ ਸੱਭਿਆਤਾਵਾਂ ਵਿਕਸਿਤ ਹੋਈਆਂ ਉਹ ਦਰਿਆਵਾਂ ਦੇ ਕੰਢੇ ਵਿਕਸਿਤ ਹੋਈਆਂ ਕਿਉਂਕਿ ਦਰਿਆਵਾਂ ਅਤੇ ਪਾਣੀ ਦੀ ਹੋਂਦ ਨੇ ਮਨੁੱਖ ਦੀ ਜ਼ਿੰਦਗੀ ਨੂੰ ਇਸ ਕਦਰ ਪ੍ਰਭਾਵਿਤ ਕੀਤਾ ਕਿ ਕੁੱਝ ਖਿੱਤਿਆਂ ਦੇ ਨਾਮ ਵੀ ਪਾਣੀ ਦੇ ਨਾਂ ਤੇ ਆ ਜੁੜੇ ਜਿਵੇਂ ਪੰਜਾਬ ਦਾ ਪੁਰਾਣਾ ਨਾਮ ਸਪਤ ਸਿੰਧੂ ਭਾਵ ਸੱਤ ਦਰਿਆਵਾਂ ਦੀ ਧਰਤੀ ਅਤੇ ਮੌਜੂਦਾ ਪੰਜਾਬ ਭਾਵ ਪੰਜ ਦਰਿਆਵਾਂ ਦੀ ਧਰਤੀ,ਇਹ ਗੱਲ ਵੱਖਰੀ ਹੈ ਕਿ ਰਾਜਨੀਤੀ ਅਤੇ ਭੂ ਵੰਡ ਨੇ ਪੰਜ ਦਰਿਆਵਾਂ ਦੀ ਧਰਤੀ ਨੂੰ ਢਾਈ ਦਰਿਆਵਾਂ ਤੱਕ ਸਮੇਟ ਕੇ ਰੱਖ ਦਿੱਤਾ।

ਜੀਵ ਜੰਤੂਆਂ ਅਤੇ ਪੰਛੀਆਂ ਤੋਂ ਲੈ ਕੇ ਧਰਤੀ ਦੀ ਹਰ ਸ਼ੈਅ ਨੂੰ ਪਾਣੀ ਨੇ ਪ੍ਰਭਾਵਿਤ ਕੀਤਾ, ਜ਼ਿਆਦਾ ਪਾਣੀ ਹੋਇਆ ਤਾਂ ਹੜ੍ਹ ਨੇ ਕਹਿਰ ਢਾਇਆ ਅਤੇ ਜਦੋਂ ਮੀਂਹ ਨਾ ਪਏ ਤਾਂ ਸੋਕਾ ਹੰਢਾਇਆ। ਕਾਇਨਾਤ ਦੇ ਚੱਕਰ ਵਿੱਚ ਨਿੱਤ ਦਿਨ ਆ ਰਹੇ ਬਦਲਾਅ ਨੇ ਮੌਸਮ ਨੂੰ ਪ੍ਰਭਾਵਿਤ ਕੀਤਾ,ਹੁਣ ਮੌਸਮ ਦਾ ਕੋਈ ਭਰੋਸਾ ਨਹੀਂ,ਸਾਰਾ ਸਿਸਟਮ ਹੀ ਹਿੱਲ ਗਿਆ, ਕਦੋਂ ਮੀਂਹ ਆ ਜਾਵੇ ਕਦੋਂ ਧੁੱਪ ਨਿਕਲੇ, ਕਦੋਂ ਗਰਮੀ ਪਵੇ, ਕਦੋਂ ਧੁੰਦ ਪੈਣ ਲੱਗ ਜਾਵੇ ਸਭ ਡਾਵਾਂਡੋਲ ਅਤੇ ਰੱਬ ਭਰੋਸੇ।ਭਰੋਸਾ ਤਾਂ ਉਸ ਰੱਬ ਤੇ ਹੈ ਪਰੰਤੂ ਮਨੁੱਖ ਨੇ ਆਪਣੀਆਂ ਕ੍ਰਿਆਵਾਂ ਨਾਲ ਕੁਦਰਤ ਨੂੰ ਵੰਗਾਰਿਆ।ਜੰਗਲ ਕੱਟ ਕੇ ਮਹਿਲ ਉਸਾਰੇ, ਪੰਜ ਤਾਰਾ ਹੋਟਲ ਬਣਾ ਕੇ ਸਹੂਲਤਾਂ ਦੇਣ ਦੇ ਚੱਕਰ ਵਿੱਚ ਕੁਦਰਤ ਦੇ ਵਿਨਾਸ਼ ਦਾ ਆਰੰਭ ਕੀਤਾ।ਹੁਣ ਜਦੋਂ ਮੀਂਹ ਜ਼ਿਆਦਾ ਪੈਣ ਕਰਕੇ ਆਏ ਸਾਲ ਹੜ੍ਹ ਆਉਂਦੇ ਹਨ ਤਾਂ ਅਸੀਂ ਰੱਬ ਨੂੰ ਕੋਸਦੇ ਹਾਂ,ਹੁਣ ਵਿਚਾਰਾ ਰੱਬ ਕੀ ਕਰੇ। ਦਰਿਆਵਾਂ ਦੇ ਰਾਹਾਂ ਵਿੱਚ ਤਾਂ ਅਸੀਂ ਉਸਾਰੀਆਂ ਕੀਤੀਆਂ, ਆਪਣੇ ਫਾਇਦਿਆਂ ਲਈ ਪਾਣੀਆਂ ਦੇ ਰਾਹ ਬਦਲੇ ਵਿਸ਼ਾਲ ਦਰਿਆਵਾਂ ਨੂੰ ਡੰਗ ਟਪਾਊ ਨਹਿਰਾਂ ਵਿੱਚ ਵਹਿਣ ਲਈ ਮਜ਼ਬੂਰ ਕੀਤਾ,ਹੁਣ ਅਸੀਂ ਆਪ ਸਿਆਣੇ ਹਾਂ ਦਰਿਆ ਦਾ ਪਾਣੀ ਨਹਿਰ ਵਿੱਚ ਛੱਡਾਂਗੇ ਤਾਂ ਹੜ੍ਹ ਤਾਂ ਫਿਰ ਆਉਣਗੇ।ਕੁਦਰਤ ਨਾਲ ਕੀਤੀ ਛੇੜਛਾੜ ਦੇ ਨਤੀਜੇ ਤਾਂ ਭੁਗਤਣੇ ਪੈਣਗੇ ਅੱਜ ਨਹੀਂ ਤਾਂ ਕੱਲ੍ਹ। ਜੋ ਬੀਜਿਆ ਹੁਣ ਉਸ ਨੂੰ ਵੱਢਣ ਦਾ ਵੇਲ਼ਾ ਆ ਗਿਆ ਹੈ।ਇਸ ਲਈ ਸਮਝਦਾਰੀ ਤੋਂ ਕੰਮ ਲਈਏ,ਕੁਦਰਤ ਵੱਲ ਪਰਤੀਏ ਅਤੇ ਉਸ ਦੀ ਸਰੁੱਖਿਆ ਨੂੰ ਤਰਜੀਹ ਦੇਈਏ।

ਹਰ ਸਾਲ 1993 ਤੋਂ ਸੰਯੁਕਤ ਰਾਸ਼ਟਰ ਦੁਆਰਾ ਪਾਣੀ ਸਬੰਧੀ ਜਾਗਰੂਕਤਾ ਵਧਾਉਣ,ਇਸ ਦੀ ਸਾਂਭ ਸੰਭਾਲ ਕਰਨ ਅਤੇ ਦੁਰਵਰਤੋਂ ਘਟਾਉਂਦੇ ਹੋਏ ਲੋੜਵੰਦਾਂ ਤੱਕ ਪਹੁੰਚਾਉਣ ਲਈ 22 ਮਾਰਚ ਨੂੰ ਵਿਸ਼ਵ ਜਲ ਦਿਵਸ ਮਨਾਇਆ ਜਾਂਦਾ ਹੈ। ਮਨੁੱਖ ਨੇ ਏਨੀ ਤਰੱਕੀ ਕਰ ਲਈ ਕਿ ਹੁਣ ਪਾਣੀ ਦਾ ਵੀ ਦਿਨ ਮਨਾਉਣਾ ਪੈ ਰਿਹਾ ਹੈ।ਲੋੜ ਇਸ ਦੀ ਤਾਂ ਪਈ ਕਿਉਂਕਿ ਪੂਰੀ ਦੁਨੀਆ ਵਿੱਚ ਕਰੋੜਾਂ ਲੋਕ ਅੱਜ ਵੀ ਮੌਜੂਦ ਹਨ ਜੋ ਸਾਫ਼ ਸੁਥਰੇ ਪੀਣ ਵਾਲੇ ਪਾਣੀ ਤੋਂ ਵਾਂਝੇ ਹਨ। ਇਹਨਾਂ ਬਾਸ਼ਿੰਦਿਆਂ ਤੱਕ ਪਾਣੀ ਦੀ ਬੂੰਦ ਪਹੁੰਚਾਉਣਾ ਹੀ ਵਿਸ਼ਵ ਜਲ ਦਿਵਸ ਨੂੰ ਮਨਾਉਣ ਦਾ ਮਨੋਰਥ ਹੈ।ਇਹ ਮਨੋਰਥ ਤਾਂ ਹੀ ਸਫ਼ਲ ਹੋ ਸਕਦਾ ਹੈ ਜਦੋਂ ਅਸੀਂ ਪਾਣੀ ਦੀ ਦੁਰਵਰਤੋਂ ਨੂੰ ਰੋਕ ਕੇ ਸਮਝਦਾਰੀ ਨਾਲ ਇਸਦੀ ਵਰਤੋਂ ਕਰਦੇ ਹੋਏ ਪਾਣੀ ਦੇ ਵਾਂਝਿਆਂ ਤੱਕ ਵੀ ਪਾਣੀ ਦੀ ਬੂੰਦ ਪਹੁੰਚਾਵਾਂਗੇ।ਹੁਣ ਸਮਾਂ ਅਜਿਹਾ ਆ ਰਿਹਾ ਹੈ ਜੇਕਰ ਪਾਣੀ ਦੀ ਬੂੰਦ ਬੂੰਦ ਨਾ ਵਰਤਾਂਗੇ ਤਾਂ ਫ਼ਿਰ ਬੂੰਦ ਬੂੰਦ ਲਈ ਤਰਸਾਂਗੇ।ਕਿਹੋ ਜਿਹਾ ਸਮਾਂ ਦੇਖਣਾ ਚਾਹੁੰਦੇ ਹਾਂ ਇਸਦਾ ਫ਼ੈਸਲਾ ਸਾਡੇ ਹੀ ਹੱਥਾਂ ਵਿੱਚ ਹੈ।



ਸਾਂਝੀ ਸੋਚ
**ਰਜਵਿੰਦਰ ਪਾਲ ਸ਼ਰਮਾ**
ਪਿੰਡ ਕਾਲਝਰਾਣੀ
ਡਾਕਖਾਨਾ ਚੱਕ ਅਤਰ ਸਿੰਘ ਵਾਲਾ
ਤਹਿ ਅਤੇ ਜ਼ਿਲ੍ਹਾ-ਬਠਿੰਡਾ
70873-67969






ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

HOPE
IMMIGRATION

*Where Hope Meets*

# IMMIGRATION OPPORTUNITIES

**USA SERVICES :**

- CITIZENSHIP
- GREEN CARD & PETITION
- AFFIDAVIT OF SUPPORT
- WORK PERMIT RENEW
- STUDENT VISA & TRANSFER
- TOURIST VISAS

**INDIAN SERVICES :**

- Passport
- VISA
- OCI CARD
- RENUNCIATION
- POWER OF ATTORNEY
- LEGAL DOCUMENTS ATTESTATIONS
- NOTARY SERVICES

WE CAN HELP YOU WORK AND SETTLE IN COUNTRIES WORLDWIDE ALSO

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।



ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN 7 DAYS A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com

# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰ.ਫ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com

# ਡਿਜੀਟਲ ਯੁੱਗ ਵਿੱਚ ਕਿਤਾਬਾਂ, ਅਖਬਾਰਾਂ ਅਤੇ ਮੈਗਜ਼ੀਨ ਵੱਲ ਪਰਤਦਾ ਭਾਰਤ: ਇੱਕ ਸੁਹਾਵਣਾ ਵਾਪਸੀ



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

ਅੱਜ ਦੇ ਸਮੇਂ ਵਿੱਚ ਜਦੋਂ ਹਰ ਹੱਥ ਵਿੱਚ ਇੱਕ ਸਮਾਰਟਫੋਨ ਹੁੰਦਾ ਹੈ ਅਤੇ ਜਾਣਕਾਰੀ ਦੀ ਬਾਰਿਸ਼ ਝਪਕਦੇ ਹੀ ਹੋ ਜਾਂਦੀ ਹੈ, ਇੱਕ ਦਿਲਚਸਪ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ। ਸਕ੍ਰੀਨ ਦੀ ਚਮਕ ਵਿੱਚ, ਲੋਕ ਦੁਬਾਰਾ ਪੰਨਿਆਂ ਦੀ ਖੁਸ਼ਬੂ ਅਤੇ ਛਾਪੇ ਹੋਏ ਅੱਖਰਾਂ ਦੀ ਦੁਨੀਆ ਵੱਲ ਮੁੜ ਰਹੇ ਹਨ। ਡਿਜੀਟਲ ਇਨਕਲਾਬ ਦੇ ਸਿਖਰ 'ਤੇ ਹੋਣ ਦੇ ਬਾਵਜੂਦ, ਭਾਰਤ ਵਿੱਚ ਕਿਤਾਬਾਂ, ਅਖਬਾਰਾਂ ਅਤੇ ਰਸਾਲਿਆਂ (ਮੈਗਜ਼ੀਨ) ਦਾ ਪੁਨਰ-ਉਥਾਨ ਅਸਲ ਵਿੱਚ ਇੱਕ ਸੁਹਾਵਣਾ ਅਹਿਸਾਸ ਹੈ। ਲੋਕ ਪੁਰਾਣੀ ਦੁਨੀਆਂ ਵੱਲ ਕਿਉਂ ਪਰਤ ਰਹੇ ਹਨ? ਇਹ ਤਬਦੀਲੀ ਅਚਾਨਕ ਨਹੀਂ ਆਈ ਹੈ। ਇਸ ਦੇ ਕੁਝ ਡੂੰਘੇ ਮਨੋਵਿਗਿਆਨਕ ਅਤੇ ਵਿਹਾਰਕ ਕਾਰਨ ਹਨ: ਡਿਜੀਟਲ ਥਕਾਵਟ: ਦਿਨ ਭਰ ਸਕ੍ਰੀਨ ਦੇਖਣ ਤੋਂ ਬਾਅਦ ਅੱਖਾਂ ਅਤੇ ਦਿਮਾਗ ਨੂੰ ਥਕਾਵਟ ਮਹਿਸੂਸ ਹੁੰਦੀ ਹੈ।

ਛਾਪੀ ਹੋਈ ਕਿਤਾਬ ਜਾਂ ਅਖਬਾਰ ਨਾਲ ਬਿਤਾਇਆ ਸਮਾਂ ਇੱਕ ਤਰ੍ਹਾਂ ਦਾ 'ਡਿਜੀਟਲ ਡੀਟੌਕਸ' ਹੈ, ਜੋ ਮਨ ਦੀ ਸ਼ਾਂਤੀ ਦਿੰਦਾ ਹੈ। ਡੂੰਘੀ ਪੜ੍ਹਾਈ: ਡਿਜੀਟਲ ਮੀਡੀਆ 'ਤੇ ਅਸੀਂ ਅਕਸਰ ਜਾਣਕਾਰੀ ਨੂੰ 'ਸਕੈਨ' ਕਰਦੇ ਹਾਂ ਜਾਂ ਜਲਦੀ ਪੜ੍ਹਦੇ ਹਾਂ। ਉੱਥੇ, ਕਿਤਾਬਾਂ ਨਾਲ ਸਾਡਾ ਸਬੰਧ ਡੂੰਘਾ ਹੁੰਦਾ ਹੈ, ਜਿਸ ਨਾਲ ਇਕਾਗਰਤਾ ਅਤੇ ਸਮਝ ਵਧਦੀ ਹੈ। ਇੱਕ ਅਹਿਸਾਸ, ਇੱਕ ਯਾਦ: ਕਾਗਜ਼ ਨੂੰ ਪਲਟਣ ਦਾ ਅਨੁਭਵ, ਸਿਆਹੀ ਦੀ ਮਹਿਕ ਅਤੇ ਕਿਤਾਬ ਨੂੰ ਆਪਣੀ ਲਾਇਬ੍ਰੇਰੀ ਵਿੱਚ ਸਜਾਉਣ ਦੀ ਖੁਸ਼ੀ - ਇਹ ਅਨੁਭਵ ਕਿਸੇ ਵੀ ਡਿਜੀਟਲ ਸਕ੍ਰੀਨ 'ਤੇ ਨਹੀਂ ਮਿਲ ਸਕਦਾ। ਅਖਬਾਰਾਂ ਦੀ ਸਾਰਥਕਤਾ ਅਤੇ ਪ੍ਰਮਾਣਿਕਤਾ ਸੋਸ਼ਲ ਮੀਡੀਆ 'ਫੇਕ ਨਿਊਜ਼' ਦੇ ਦੌਰ ਵਿੱਚ, ਅਖਬਾਰਾਂ ਦੀ ਭਰੋਸੇਯੋਗਤਾ ਹੋਰ ਵੀ ਵੱਧ ਗਈ ਹੈ। ਅੱਜ ਦਾ ਪਾਠਕ ਸੁਚੇਤ ਹੈ; ਉਹ ਜਾਣਦਾ ਹੈ ਕਿ ਅਖਬਾਰ ਵਿੱਚ ਛਪਣ ਵਾਲੀ ਕਹਾਣੀ ਇੱਕ ਲੰਬੀ ਸੰਪਾਦਕੀ ਪ੍ਰਕਿਰਿਆ ਵਿੱਚੋਂ ਲੰਘਦੀ ਹੈ। ਸਵੇਰ ਦੀ ਚਾਹ ਦੇ ਨਾਲ ਅਖਬਾਰ ਪੜ੍ਹਨਾ, ਨਾ ਸਿਰਫ਼ ਖ਼ਬਰਾਂ ਨੂੰ ਪ੍ਰਾਪਤ ਕਰਨਾ, ਸਗੋਂ ਦਿਨ ਦੀ ਸ਼ੁਰੂਆਤ ਕਰਨ ਦਾ ਇੱਕ ਰਸਮ ਬਣ ਗਿਆ ਹੈ। ਰਸਾਲਿਆਂ (ਮੈਗਜ਼ੀਨ) ਦਾ ਨਵਾਂ ਰੂਪ ਮੈਗਜ਼ੀਨ ਦਾ ਬਾਜ਼ਾਰ ਵੀ ਬਦਲ ਰਿਹਾ ਹੈ। ਹੁਣ ਇਹ ਸਿਰਫ਼ ਆਮ ਜਾਣਕਾਰੀ ਤੱਕ ਸੀਮਤ ਨਹੀਂ ਹਨ। ਵਿਸ਼ੇਸ਼ ਵਿਸ਼ਿਆਂ (ਨੀਸ਼-ਨਿਸ਼) 'ਤੇ ਆਧਾਰਿਤ ਰਸਾਲੇ ਭਾਵੇਂ ਇਹ ਕਲਾ, ਸੱਭਿਆਚਾਰ, ਯਾਤਰਾ ਜਾਂ ਕਾਰੋਬਾਰ ਹੋਵੇ।

ਆਪਣੇ ਪਾਠਕਾਂ ਨਾਲ ਇੱਕ ਵਿਸ਼ੇਸ਼ ਸਬੰਧ ਬਣਾ ਰਹੇ ਹਨ। ਪ੍ਰੀਮੀਅਮ ਪੇਪਰ ਅਤੇ ਸ਼ਾਨਦਾਰ ਗ੍ਰਾਫਿਕਸ ਉਹਨਾਂ ਨੂੰ ਇੱਕ 'ਕਲਾਕਿਬਲ' (ਸੰਗ੍ਰਹਿਯੋਗ) ਬਣਾਉਂਦੇ ਹਨ, ਜਿਸਨੂੰ ਲੋਕ ਸਾਲਾਂ ਤੱਕ ਸੰਭਾਲਣਾ ਚਾਹੁੰਦੇ ਹਨ। ਕਿਤਾਬਾਂ ਦੀ ਦੁਨੀਆ: ਦੁਬਾਰਾ ਗੁਲਜ਼ਾਰ ਕਿਤਾਬਾਂ ਦੀ ਵਿਕਰੀ ਦੇ ਅੰਕੜੇ ਦਰਸਾਉਂਦੇ ਹਨ ਕਿ ਲੋਕ ਦੁਬਾਰਾ ਹਾਰਡ-ਕਾਪੀ ਨੂੰ ਪੜ੍ਹਨਾ ਪਸੰਦ ਕਰ ਰਹੇ ਹਨ। ਸੁਤੰਤਰ ਬੁੱਕਸਟੋਰ: ਵੱਡੇ ਔਨਲਾਈਨ ਸਟੋਰਾਂ ਦੇ ਬਾਵਜੂਦ, ਛੋਟੇ ਅਤੇ ਆਜ਼ਾਦ ਕਿਤਾਬਾਂ ਦੀਆਂ ਦੁਕਾਨਾਂ ਦਾ ਰੁਝਾਨ ਵਧ ਗਿਆ ਹੈ, ਜੋ ਕਿ 'ਸੱਭਿਆਚਾਰਕ ਕੇਂਦਰ' ਬਣ ਗਏ ਹਨ। ਬੁੱਕ ਕਲੱਬ: ਸ਼ਹਿਰਾਂ ਵਿੱਚ ਬੁਕ ਕਲੱਬਾਂ ਅਤੇ ਸਾਹਿਤ ਤਿਉਹਾਰਾਂ ਦੀ ਵੱਧਦੀ ਗਿਣਤੀ ਇਸ ਗੱਲ ਦਾ ਸਬੂਤ ਹੈ ਕਿ ਲੋਕ ਕਿਤਾਬਾਂ ਬਾਰੇ ਚਰਚਾ ਕਰਨਾ ਅਤੇ ਭਾਈਚਾਰੇ ਵਜੋਂ ਪੜ੍ਹਨਾ ਪਸੰਦ ਕਰਦੇ ਹਨ।

ਇਹ ਵਾਪਸੀ ਇਸ ਗੱਲ ਦਾ ਸੰਕੇਤ ਨਹੀਂ ਹੈ ਕਿ ਡਿਜੀਟਲ ਯੁੱਗ ਖਤਮ ਹੋ ਰਿਹਾ ਹੈ, ਸਗੋਂ ਇਹ ਦਰਸਾਉਂਦਾ ਹੈ ਕਿ ਡਿਜ਼ੀਟਲ ਅਤੇ ਪ੍ਰਿੰਟ ਇੱਕ ਦੂਜੇ ਦੇ ਪੂਰਕ ਹੋ ਸਕਦੇ ਹਨ। ਅਸੀਂ ਆਪਣੀ ਸਹੂਲਤ ਲਈ ਡਿਜੀਟਲ ਦੀ ਵਰਤੋਂ ਕਰ ਰਹੇ ਹਾਂ, ਪਰ ਸਾਡੀ ਸ਼ਾਂਤੀ ਅਤੇ ਬੌਧਿਕ ਡੂੰਘਾਈ ਲਈ ਦੁਬਾਰਾ ਕਾਗਜ਼ ਦੀ ਦੁਨੀਆ ਵੱਲ ਮੁੜ ਰਹੇ ਹਾਂ। ਇਹ ਸੰਤੁਲਨ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਜਿੱਤ ਹੈ। ਇਸ ਲਈ, ਅਗਲੀ ਵਾਰ ਜਦੋਂ ਤੁਹਾਡੇ ਹੱਥ ਵਿੱਚ ਇੱਕ ਸਮਾਰਟਫੋਨ ਹੋਵੇਗਾ, ਤਾਂ ਸ਼ਾਇਦ ਇਸਦੇ ਕੋਲ ਕੋਈ ਕਿਤਾਬ ਜਾਂ ਅਖਬਾਰ ਵੀ ਰੱਖੋ। ਇਹ ਛੋਟਾ ਜਿਹਾ ਬਦਲਾਅ ਤੁਹਾਡੀ ਜੀਵਨ ਸ਼ੈਲੀ ਵਿੱਚ ਇੱਕ ਵੱਡਾ ਅਤੇ ਸਕਾਰਾਤਮਕ ਫਰਕ ਲਿਆ ਸਕਦਾ ਹੈ। ਹਾਲ ਹੀ ਦੇ ਸਾਲਾਂ ਵਿੱਚ ਇੱਕ ਸਕਾਰਾਤਮਕ ਬਦਲਾਅ ਦੇਖਿਆ ਜਾ ਰਿਹਾ ਹੈ ਭਾਰਤ ਵਿੱਚ ਲੋਕ ਦੁਬਾਰਾ ਪ੍ਰਿੰਟ ਮਾਧਿਅਮ ਵੱਲ ਮੁੜ ਰਹੇ ਹਨ। ਇਹ ਵਾਪਸੀ ਨਾ ਸਿਰਫ਼ ਸੁਹਾਵਣਾ ਹੈ, ਸਗੋਂ ਸਮਾਜ ਦੀ ਬੌਧਿਕ ਅਤੇ ਸੱਭਿਆਚਾਰਕ ਸਿਹਤ ਲਈ ਵੀ ਬਹੁਤ ਜ਼ਰੂਰੀ ਹੈ।

ਜਿੱਥੇ ਡਿਜੀਟਲ ਮਾਧਿਅਮ ਨੇ ਜਾਣਕਾਰੀ ਨੂੰ ਪਹੁੰਚਯੋਗ ਬਣਾਇਆ, ਉੱਥੇ ਇਸਨੇ ਧਿਆਨ ਦੀ ਸਥਿਰਤਾ ਨੂੰ ਪ੍ਰਭਾਵਿਤ ਕੀਤਾ। ਛੋਟੇ-ਛੋਟੇ ਵੀਡੀਓ, ਤੇਜ਼ ਖ਼ਬਰਾਂ ਅਤੇ ਸਤਹੀ ਜਾਣਕਾਰੀ ਨੇ ਡੂੰਘਾਈ ਨਾਲ ਪੜ੍ਹਨ ਦੀ ਆਦਤ ਨੂੰ ਕਮਜ਼ੋਰ ਕਰ ਦਿੱਤਾ। ਨਤੀਜੇ ਵਜੋਂ, ਲੋਕਾਂ ਨੇ ਮਹਿਸੂਸ ਕੀਤਾ ਕਿ ਡਿਜੀਟਲ ਸਮੱਗਰੀ ਅਕਸਰ ਅਧੂਰੀ, ਭਰਮਾਰ ਜਾਂ ਮਾਨਸਿਕ ਤੌਰ 'ਤੇ ਥਕਾ ਦੇਣ ਵਾਲੀ ਹੁੰਦੀ ਹੈ। ਇਸ ਦੇ ਉਲਟ, ਕਿਤਾਬਾਂ ਅਤੇ ਪ੍ਰਿੰਟ ਮੀਡੀਆ ਇਕਾਗਰਤਾ, ਡੂੰਘਾਈ ਅਤੇ ਭਰੋਸੇਯੋਗਤਾ ਪ੍ਰਦਾਨ ਕਰਦੇ ਹਨ।

ਕਿਤਾਬਾਂ ਵੱਲ ਮੁੜਨਾ ਸਿਰਫ਼ ਇੱਕ ਆਦਤ ਨਹੀਂ, ਸਗੋਂ ਇੱਕ ਸੱਭਿਆਚਾਰਕ ਪੁਨਰਜਾਗਰਣ ਦਾ ਸੰਕੇਤ ਹੈ। ਨੌਜਵਾਨ ਪੀੜ੍ਹੀ, ਜੋ ਪਹਿਲਾਂ ਪੂਰੀ ਤਰ੍ਹਾਂ ਡਿਜੀਟਲ ਮਾਧਿਅਮ 'ਤੇ ਨਿਰਭਰ ਸੀ, ਹੁਣ ਸਾਹਿਤ, ਨਾਵਲ, ਸਵੈ-ਕਥਾ ਅਤੇ ਗਿਆਨਵਾਨ ਕਿਤਾਬਾਂ ਵੱਲ ਆਕਰਸ਼ਿਤ ਹੋ ਰਹੀ ਹੈ। ਕਿਤਾਬ ਮੇਲਿਆਂ ਵਿੱਚ ਵਧਦੀ ਭੀੜ, ਲਾਇਬ੍ਰੇਰੀਆਂ ਵਿੱਚ ਮੁੜ-ਚਾਲੂ ਅਤੇ ਆਨਲਾਈਨ ਦੇ ਨਾਲ-ਨਾਲ ਔਫਲਾਈਨ ਕਿਤਾਬਾਂ ਦੀ ਵਿਕਰੀ ਵਿੱਚ ਵਾਧਾ ਇਸ ਤਬਦੀਲੀ ਦੇ ਸਪੱਸ਼ਟ ਸੰਕੇਤ ਹਨ।

ਅਖਬਾਰ ਅਤੇ ਮੈਗਜ਼ੀਨ ਵੀ ਇਸ ਤਬਦੀਲੀ ਦਾ ਹਿੱਸਾ ਹਨ। ਜਿੱਥੇ ਡਿਜੀਟਲ ਨਿਊਜ਼ ਦੀ ਰਫ਼ਤਾਰ ਤੇਜ਼ ਹੈ, ਉੱਥੇ ਪ੍ਰਿੰਟ ਮੀਡੀਆ ਦੀ ਭਰੋਸੇਯੋਗਤਾ ਅਤੇ ਵਿਸ਼ਲੇਸ਼ਣਾਤਮਕ ਦ੍ਰਿਸ਼ਟੀਕੋਣ ਅੱਜ ਵੀ ਬੇਮਿਸਾਲ ਹੈ। ਡੂੰਘਾਈ ਨਾਲ ਕੀਤੀ ਗਈ ਰਿਪੋਰਟਿੰਗ, ਸੰਪਾਦਕੀ ਲੇਖ ਅਤੇ ਵਿਸ਼ਿਆਂ ਦੀ ਸੰਤੁਲਿਤ ਪੇਸ਼ਕਾਰੀ ਪਾਠਕਾਂ ਨੂੰ ਸੋਚਣ ਅਤੇ ਸਮਝਣ ਦਾ ਮੌਕਾ ਦਿੰਦੀ ਹੈ ਜੋ ਅਕਸਰ ਡਿਜੀਟਲ ਪਲੇਟਫਾਰਮ 'ਤੇ ਨਹੀਂ ਮਿਲਦੀ।

ਇਸ ਤੋਂ ਇਲਾਵਾ, ਪ੍ਰਿੰਟ ਪੜ੍ਹਨ ਦਾ ਅਨੁਭਵ ਆਪਣੇ ਆਪ ਵਿੱਚ ਵਿਸ਼ੇਸ਼ ਹੁੰਦਾ ਹੈ। ਕਾਗਜ਼ ਦੀ ਖੁਸ਼ਬੂ, ਪੰਨਿਆਂ ਨੂੰ ਪਲਟਣ ਦਾ ਅਹਿਸਾਸ ਅਤੇ ਬਿਨਾਂ ਸਕ੍ਰੀਨ ਦੇ ਪੜ੍ਹਨ ਦਾ ਸੁੱਖ ਪ੍ਰਦਾਨ ਕਰਦਾ ਹੈ। ਇਹ ਅਨੁਭਵ ਡਿਜੀਟਲ ਸਕ੍ਰੀਨ ਦੀ ਚਮਕ ਅਤੇ ਨੋਟਿਫਿਕੇਸ਼ਨ ਦੇ ਸ਼ੋਰ ਤੋਂ ਬਿਲਕੁਲ ਵੱਖਰਾ ਹੈ।

ਸਿੱਖਿਆ ਦੇ ਖੇਤਰ ਵਿੱਚ ਵੀ ਇਹ ਵਾਪਸੀ ਮਹੱਤਵਪੂਰਨ ਹੈ। ਖੋਜ ਦਰਸਾਉਂਦੀ ਹੈ ਕਿ ਪ੍ਰਿੰਟ ਵਿੱਚ ਪੜ੍ਹਨਾ ਸਮਝ ਅਤੇ ਯਾਦਦਾਸ਼ਤ ਨੂੰ ਬਿਹਤਰ ਬਣਾਉਂਦਾ ਹੈ। ਇਸ ਲਈ ਸਕੂਲਾਂ ਅਤੇ ਕਾਲਜਾਂ ਵਿੱਚ ਵੀ ਵਿਦਿਆਰਥੀਆਂ ਨੂੰ ਕਿਤਾਬਾਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਹਾਲਾਂਕਿ ਇਹ ਕਹਿਣਾ ਸਹੀ ਨਹੀਂ ਹੋਵੇਗਾ ਕਿ ਡਿਜੀਟਲ ਮੀਡੀਆ ਦਾ ਮਹੱਤਵ ਘੱਟ ਗਿਆ ਹੈ. ਅਸਲ ਵਿੱਚ, ਅੱਜ ਦਾ ਯੁੱਗ ਸੰਤੁਲਨ ਦਾ ਹੈ ਜਿੱਥੇ ਡਿਜੀਟਲ ਅਤੇ ਪ੍ਰਿੰਟ ਦੋਵਾਂ ਦੀ ਆਪਣੀ ਜਗ੍ਹਾ ਹੈ। ਪਰ ਇਹ ਸੰਤੁਲਨ ਉਦੋਂ ਹੀ ਹੈ ਜਦੋਂ ਅਸੀਂ ਪੜ੍ਹਨ ਦੀ ਡੂੰਘਾਈ ਅਤੇ ਗੁਣਵੱਤਾ ਨੂੰ ਤਰਜੀਹ ਦਿੰਦੇ ਹਾਂ।

ਅੰਤ ਵਿੱਚ, ਕਿਤਾਬਾਂ, ਅਖਬਾਰਾਂ ਅਤੇ ਮੈਗਜ਼ੀਨ ਵੱਲ ਵਾਪਸ ਆਉਣਾ ਭਾਰਤ ਇੱਕ ਸਕਾਰਾਤਮਕ ਸੰਕੇਤ ਹੈ। ਇਹ ਦਰਸਾਉਂਦਾ ਹੈ ਕਿ ਤਕਨਾਲੋਜੀ ਦੇ ਵਿਚਕਾਰ ਵੀ ਮਨੁੱਖ ਗਿਆਨ, ਵਿਚਾਰ ਅਤੇ ਸੰਵੇਦਨਸ਼ੀਲਤਾ ਦੀ ਡੂੰਘਾਈ ਨੂੰ ਮਹੱਤਵ ਦਿੰਦਾ ਹੈ। ਇਹ ਵਾਪਸੀ ਸਿਰਫ਼ ਮਾਧਿਅਮ ਦੀ ਨਹੀਂ, ਸਗੋਂ ਸੋਚ ਅਤੇ ਸੱਭਿਆਚਾਰ ਦੀ ਵਾਪਸੀ ਹੈ, ਜੋ ਕਿ ਇੱਕ ਖੁਸ਼ਹਾਲ ਅਤੇ ਸੁਚੇਤ ਸਮਾਜ ਦੀ ਨੀਂਹ ਰੱਖਦੀ ਹੈ।




SERVPRO®
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702

ਮਿੰਨੀ ਕਹਾਣੀ

# ਜੰਗ ਦਾ ਅਸਰ

ਸੇਵਾਮੁਕਤੀ ਪਿੱਛੋਂ ਮੈਂ ਅਕਸਰ ਸਮਾਂ ਬਿਤਾਉਣ ਲਈ ਯੂਨੀਵਰਸਿਟੀ ਚਲਾ ਜਾਂਦਾ। ਓਥੇ ਇੱਕ ਦਿਨ ਅਚਾਨਕ ਰੀਨੂ ਮਿਲ ਗਈ। ਉਹ ਮੈਥੋਂ ਕਈ ਸਾਲ ਪਹਿਲਾਂ ਐਮਏ ਵਿੱਚ ਪੜ੍ਹਦੀ ਰਹੀ ਸੀ। ਅੱਜਕੱਲ੍ਹ ਉਹ ਏਥੇ ਪੀਐਚ.ਡੀ. ਕਰ ਰਹੀ ਹੈ। ਗੱਲਾਂ ਕਰਦੇ ਕਰਦੇ ਅਸੀਂ ਕਨਟੀਨ ਵੱਲ ਚਾਹ ਪੀਣ ਲਈ ਚੱਲ ਪਏ। ਕਨਟੀਨ ਦੇ ਬਾਹਰ ਲਾਅਨ ਵਿੱਚ ਬੈਠ ਕੇ ਚਾਹ ਦੀ ਉਡੀਕ ਕਰਦੇ ਹੋਏ ਪਤਾ ਹੀ ਨਾ ਲੱਗਾ ਕਿ ਕਦੋਂ ਸਾਡੀਆਂ ਗੱਲਾਂ ਪੜ੍ਹਾਈ ਦੇ ਨਾਲ ਨਾਲ ਸਥਾਨਕ, ਰਾਸ਼ਟਰੀ ਤੇ ਅੰਤਰਰਾਸ਼ਟਰੀ ਮਸਲਿਆਂ ਤੋਂ ਹੁੰਦੀਆਂ ਹੋਈਆਂ ਜੰਗ ਦੇ ਮਾਰੂ ਪ੍ਰਭਾਵਾਂ ਤੇ ਪਹੁੰਚ ਗਈਆਂ। ਗੈਸ ਸਿਲੰਡਰਾਂ, ਇੰਡਕਸ਼ਨਾਂ ਵਿੱਚ ਹੋ ਰਹੀ ਧਾਂਦਲੀ ਕਰਕੇ ਆਮ ਆਦਮੀ ਦੀ ਤ੍ਰਾਸਦਿਕ ਹਾਲਤ ਨੂੰ ਰੀਨੂ ਬੜੀ ਸ਼ਿੱਦਤ ਨਾਲ ਭਾਵੁਕ ਹੋ ਕੇ ਦੱਸ ਰਹੀ ਸੀ। ਚਾਹ ਨਾ ਆਉਂਦੀ ਵੇਖ ਕੇ ਮੈਂ ਰੀਨੂ ਨੂੰ ਕਿਹਾ, "ਕਿਤੇ ਹੋਰ ਚੱਲਦੇ ਹਾਂ, ਏਥੇ ਤਾਂ ਲੱਗਦੈ ਗੈਸ ਸਿਲੰਡਰ ਮੁੱਕਿਆ ਹੋਇਐ!" "ਜੀ ਸਰ" ਕਹਿ ਕੇ ਉਹ ਮੁਸਕਰਾ ਪਈ। ਮੈਨੂੰ ਸਮਝ ਨਾ ਆਈ ਕਿ ਉਹ ਇਸ ਤਰ੍ਹਾਂ ਅਚਾਨਕ ਮੁਸਕਰਾਉਣ ਕਿਉਂ ਲੱਗ ਪਈ ਹੈ, ਜਦਕਿ ਅਸੀਂ ਤਾਂ ਬੜੇ ਗੰਭੀਰ ਮਸਲੇ ਤੇ ਤਜ਼ਕਰਾ ਕਰ ਰਹੇ ਸਾਂ। ਉਦੋਂ ਹੀ ਮੈਂ ਵੇਖਿਆ ਕਿ ਉਹਦਾ ਧਿਆਨ ਇੱਕ ਕੁੱਤੇ ਵੱਲ ਸੀ ਜੋ ਆਪਣੇ ਮੂੰਹ ਵਿੱਚ ਇੱਕ ਛੋਟੀ ਜਿਹੀ ਲੱਕੜ ਦਬਾਈ ਆ ਰਿਹਾ ਸੀ। "ਆਹ ਵੇਖੋ ਸਰ, ਹੁਣ ਤਾਂ ਕੁੱਤਿਆਂ ਦੇ ਘਰੀਂ ਵੀ ਸਿਲੰਡਰ ਮੁੱਕ ਗਏ ਨੇ, ਵਿਚਾਰਾ ਘਰ ਦਾ ਚੁੱਲਾ ਬਾਲਣ ਲਈ ਲੱਕੜ ਚੁੱਕੀ ਜਾ ਰਿਹਾ ਹੈ। ਚਲੋ ਆਪਾਂ ਕਿਧਰੇ ਹੋਰ ਚਾਹ ਵੇਖਦੇ ਹਾਂ।"



ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

# .ਗਜ਼ਲ

ਜਦ ਵਿਦਿਆ ਹੈ ਤੇਰੇ ਕੋਲ ਜਵਾਨਾ,
ਫਿਰ ਕਿਉਂ ਬੋਲੇਂ ਕੌੜੇ ਬੋਲ ਜਵਾਨਾ?
ਜੇ ਕੁਝ ਪਾਉਣਾ ਚਾਹੇਂ ਜੀਵਨ ਦੇ ਵਿੱਚ,
ਤੈਨੂੰ ਕਰਨਾ ਪੈਣਾ ਘੋਲ ਜਵਾਨਾ।
ਜਿਹੜੀ ਗੱਲ ਕਰਨੀ ਏਂ, ਬਹਿ ਕੇ ਕਰ ਤੂੰ,
ਚਾਰੇ ਪਾਸੇ ਵਜਾ ਨਾ ਢੋਲ ਜਵਾਨਾ।
ਜਦ ਮਾਂ-ਪਿਓ, ਭੈਣ-ਭਰਾ ਕੋਲ ਨੇ ਤੇਰੇ,
ਫਿਰ ਕੱਲਾ ਸਮਝ ਕੇ ਨਾ ਡੋਲ ਜਵਾਨਾ।
ਹਾਕਮ ਮਿੱਤਰ ਹੈ ਲੋਟੂ ਢਾਣੀ ਦਾ,
ਉਸ ਦੀ ਖੁੱਲ੍ਹ ਚੱਲੀ ਹੈ ਪੋਲ ਜਵਾਨਾ।
ਇਹ ਜੀਵਨ ਮੁੜ ਫਿਰ ਨ੍ਹੀ ਮਿਲਣਾ ਤੈਨੂੰ,
ਇਸ ਨੂੰ ਨਸ਼ਿਆਂ ਵਿੱਚ ਨਾ ਰੋਲ ਜਵਾਨਾ।
ਹਰ ਕੋਈ ਆਪਣਾ ਨ੍ਹੀ ਇਸ ਦੁਨੀਆਂ ਵਿੱਚ,
ਹਰ ਇਕ ਨਾ' ਦੁੱਖ ਨਾ ਫੋਲ ਜਵਾਨਾ।



SANJHI SOCH
ਮਹਿੰਦਰ ਸਿੰਘ ਮਾਨ
ਸਲੋਹ ਰੋਡ, ਨਵਾਂ ਸ਼ਹਿਰ
99158-03554

LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


Gillson TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations
(traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS- STOCKTON,. CA AND DAYTON, OHIO
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com


ਸੁਆਦ ਜੋ ਦਿਲ ਜਿੱਤ ਲਵੇ !
'Sidhu Catering'
ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਧਾਰਮਿਕ ਸਮਾਗਮ
ਅਨੰਦ ਕਾਰਜ ਜਾਂ ਹੋਵੇ ਕੋਈ ਹੋਰ ਖੁਸ਼ੀ ਦਾ ਮੌਕਾ
1000 ਤੋਂ ਵੱਧ ਬੰਦਿਆਂ ਤੱਕ ਦੀ ਪੂਰੀ Catering ਉਪਲਬਧ
ਸ਼ੁੱਧ ਅਤੇ ਸੁਆਦੀ ਖਾਣਾ
ਟਿਫ਼ਨ ਸਰਵਿਸ ਉਪਲਬਧ ਹੈ
ਹਰ ਕਿਸਮ ਦੀ ਕਰਵਾਓ ਮਠਿਆਈ ਅਤੇ ਸੀਰਨੀ ਤਿਆਰ
ਅਸੀਂ ਕਰਾਂਗੇ ' ਹਰ ਕਿਸੇ ਦੇ ਰੇਟ ਨੂੰ ਬੀਟ '
California ਵਿੱਚ ਕਿਤੇ ਵੀ ਪਾਓ Catering ਦੀ ਸੇਵਾ
'Sidhu Catering' - ਤੁਹਾਡੇ ਪ੍ਰੋਗਰਾਮ ਨੂੰ ਬਣਾਵੇ ਯਾਦਗਾਰ !
ਅੱਜ ਹੀ ਕਾਲ ਕਰੋ ਤੇ ਆਪਣੀ Booking ਬੁਕਿੰਗ ਕਰਵਾਓ
ਸੰਪਰਕ ਨੰਬਰ ਨੋਟ ਕਰ ਲਓ : (559) 283-1311 | (510) 230-6107

WE HAVE THE CHEAPEST FARES TO INDIA

# LEGEND TRAVEL

arc accredited agency
CST # 207524-40

Special Fares To India From West-coast (us) On Air India Direct Flights



JATINDER SINGH



LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108, FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ |
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

# TAKE CONTROL OF YOUR HEALTH!

## PRIVATE, AFFORDABLE, & CONVENIENT

# 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANY LAB TEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ® CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ-ਸਰਲ ਵਿਆਖਿਆ

## ਅੰਗ 163

ਗਉੜੀ ਗੁਆਰੇਰੀ ਮਹਲਾ ੪ ਚਉਥਾ ਚਉਪਦੇ
ੴ ਸਤਿਗੁਰ ਪ੍ਰਸਾਦਿ ॥

ਪੰਡਿਤੁ ਸਾਸਤ ਸਿਮ੍ਰਿਤਿ ਪੜਿਆ ॥ ਜੋਗੀ ਗੋਰਖੁ ਗੋਰਖੁ ਕਰਿਆ ॥ ਮੈ ਮੂਰਖ ਹਰਿ ਹਰਿ ਜਪੁ ਪੜਿਆ ॥੧॥ ਨਾ ਜਾਨਾ ਕਿਆ ਗਤਿ ਰਾਮ ਹਮਾਰੀ ॥ ਹਰਿ ਭਜੁ ਮਨ ਮੇਰੇ ਤਰੁ ਭਉਜਲੁ ਤੂ ਤਾਰੀ ॥੧॥ ਰਹਾਉ ॥ ਸੰਨਿਆਸੀ ਬਿਭੂਤ ਲਾਇ ਦੇਹ ਸਵਾਰੀ ॥ ਪਰ ਤ੍ਰਿਅ ਤਿਆਗੁ ਕਰੀ ਬ੍ਰਹਮਚਾਰੀ ॥ ਮੈ ਮੂਰਖ ਹਰਿ ਆਸ ਤੁਮਾਰੀ ॥੨॥ ਖਤ੍ਰੀ ਕਰਮ ਕਰੇ ਸੂਰਤਣੁ ਪਾਵੈ ॥ ਸੂਦੁ ਵੈਸੁ ਪਰ ਕਿਰਤਿ ਕਮਾਵੈ ॥ ਮੈ ਮੂਰਖ ਹਰਿ ਨਾਮੁ ਛਡਾਵੈ ॥੩॥ ਸਭ ਤੇਰੀ ਸ੍ਰਿਸਟਿ ਤੂੰ ਆਪਿ ਰਹਿਆ ਸਮਾਈ ॥ ਗੁਰਮੁਖਿ ਨਾਨਕ ਦੇ ਵਡਿਆਈ ॥ ਮੈ ਅੰਧੁਲੇ ਹਰਿ ਟੇਕ ਟਿਕਾਈ ॥੪॥੧॥੩੯॥ {ਪੰਨਾ 163-164}

ਪ੍ਰਸੰਗ ਸਹਿਤ ਭਾਵ ਅਰਥ;-
ਉਪਰੋਕਤ ਪਾਵਨ ਬਾਣੀ ਚੌਥੇ ਨਾਨਕ, ਸਾਹਿਬ ਸ਼੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੀ ਰਸਨਾ ਤੋਂ ਉਚਰਿਤ, ਰਾਗ ਗਉੜੀ ਗੁਆਰੇਰੀ ਵਿਚ, ਜਾਗਤ ਜੋਤ, ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 163 ਉੱਪਰ ਸੁਸ਼ੋਭਤ ਹੈ। "ਚੌਪਦੇ" ਇਸ ਦਾ ਸਿਰਲੇਖ ਹੈ।
ਮੰਗਲਾ ਚਰਨ:-ਉਹ ਅਕਾਲ ਪੁਰਖ ਪ੍ਰਭੂ ਇੱਕ ਹੈ ਤੇ ਸੱਚੇ ਗੁਰੂ ਦੀ ਕਿਰਪਾ ਨਾਲ ਹੀ ਹਾਸਿਲ ਹੁੰਦਾ ਹੈ।

ਅਰਥ:-
ਪੰਡਿਤ ਵਿਦਵਾਨ, ਸ਼ਾਸਤਰੀ ਲੋਕ, ਸ਼ਾਸਤਰ ਤੇ ਸਿਮਰਤੀਆਂ ਵਰਗੇ ਧਾਰਮਿਕ ਗ੍ਰੰਥਾਂ ਨੂੰ ਪੜਦੇ ਹਨ। ਜੋਗੀ ਗੋਰਖ ਨਾਥ ਦੇ ਮੰਨਣ ਵਾਲੇ ,ਆਪਣਾ ਰਾਗ ਗੋਰਖ ਗੋਰਖ ਅਲਾਪਦੇ ਹਨ। ਮੈਂ ਮੂਰਖ ਨਿਮਾਣਾ ਹਰੀ ਪ੍ਰਭੂ ਦਾ ਨਾਮ ਜਪਦਾ ਹਾਂ॥੧॥
ਮੈਨੂੰ ਨਹੀਂ ਪਤਾ, ਹੇ ਪ੍ਰਭੂ! ਸਾਡਾ ਅੰਤ ਕਿਸ ਤਰ੍ਹਾਂ ਦਾ ਹੋਣਾ ਹੈ, ਮੈਂ ਤਾਂ ਇੰਨਾਂ ਕੁ ਜਾਣਦਾ ਹਾਂ ਕਿ, ਹੇ ਮੇਰੇ ਮਨਾ! ਤੂੰ ਹਰੀ ਪ੍ਰਭੂ ਦਾ ਸਿਮਰਨ ਕਰੀ ਜਾਅ। ਇਸ ਨਾਲ ਹੀ, ਇਸ ਬੇਹੱਦ ਸੰਘਰਸ਼ਮਈ ਸੰਸਾਰ ਤੋਂ ਪਾਰ ਉਤਾਰਾ ਹੋਵੇਗਾ॥੧॥ ਰਹਾਉ॥
ਉਹ ਲੋਕ ਜਿਨਾਂ ਸੰਨਿਆਸ ਧਾਰਨ ਕੀਤਾ(ਪਰਿਵਾਰਿਕ ਜੀਵਨ ਛੱਡ ਦਿੱਤਾ ਅਤੇ ਸਰੀਰਕ ਸੁੱਖਾਂ ਨੂੰ ਤਿਆਗ ਦਿੱਤਾ ਹੈ) ਉਹ ਆਪਣੇ ਸਰੀਰ ਤੇ ਸੁਆਹ ਮਲੀ ਫਿਰਦੇ ਹਨ ,ਨਾਲ ਹੀ ਮਾਇਆ ਦੇ ਤਿੰਨਾਂ ਗੁਣਾਂ ਨੂੰ ਵੀ ਛੱਡ ਚੁੱਕੇ ਹਨ ਤੇ ਬ੍ਰਹਮਚਾਰਿਆ ਨੂੰ ਆਪਣਾ ਰਹੇ ਹਨ। ਦੂਜੇ ਪਾਸੇ ਮੈਨੂੰ ਮੂਰਖ ਨੂੰ ਹੇ ਦਾਤਾ! ਸਿਰਫ ਤੇਰੀ ਤੇ ਤੇਰੀ ਆਸ ਹੈ॥੨॥
ਖੱਤਰੀ ਲੋਕ ਆਪਣਾ ਵਣਜ ਵਪਾਰ ਕਰਦੇ ਅਤੇ ਸੂਦ ਵੱਟਣਾ ਉਹਨਾਂ ਦੀ ਕਮਾਈ ਹੈ। ਸ਼ੂਦਰ ਤੇ ਵੈਸ਼ ਲੋਕ ਦੂਸਰਿਆਂ ਦੀ ਕਿਰਤ ਕਮਾਈ ਕਰਕੇ ਰੋਜੀ ਰੋਟੀ ਕਮਾਉਂਦੇ ਹਨ ਪਰ ਮੈਂ ਨਿਤਾਣਾ, ਮੈਂ ਮੂਰਖ, ਉਸ ਅਕਾਲ ਪੁਰਖ ਦਾ ਨਾਮ ਜਪਦਾ ਹਾਂ॥੩॥
ਹੇ ਮੇਰੇ ਪ੍ਰਭੂ! ਸਾਰੀ ਸ੍ਰਿਸ਼ਟੀ ਤੇਰੀ ਰਚੀ ਹੋਈ ਹੈ, ਤੇ ਤੂੰ ਆਪ ਕਣ ਕਣ ਵਿੱਚ ਸਮਾਇਆ ਹੋਇਆ ਹੈਂ। ਹੇ ਨਾਨਕ! ਗੁਰੂ ਦੇ ਮਗਰ ਚੱਲਣ ਵਾਲਿਆਂ ਨੂੰ ਵਡਿਆਈਆਂ ਮਿਲਦੀਆਂ ਹਨ। ਮੈਨੂੰ ਅੰਨੇ ਨੂੰ ਸਿਰਫ ਉਸ ਇੱਕ ਪ੍ਰਭੂ ਦੀ ਟੇਕ ਹੈ ਆਸਰਾ ਹੈ।

## ਅੰਗ 164

ਗਉੜੀ ਗੁਆਰੇਰੀ ਮਹਲਾ ੪ ॥
ਨਿਰਗੁਣ ਕਥਾ ਕਥਾ ਹੈ ਹਰਿ ਕੀ ॥ ਭਜੁ ਮਿਲਿ ਸਾਧੂ ਸੰਗਤਿ ਜਨ ਕੀ ॥ ਤਰੁ ਭਉਜਲੁ ਅਕਥ ਕਥਾ ਸੁਨਿ ਹਰਿ ਕੀ ॥੧॥ ਗੋਬਿੰਦ ਸਤਸੰਗਤਿ ਮੇਲਾਇ ॥ ਹਰਿ ਰਸੁ ਰਸਨਾ ਰਾਮ ਗੁਨ ਗਾਇ ॥੧॥ ਰਹਾਉ ॥ ਜੋ ਜਨ ਧਿਆਵਹਿ ਹਰਿ ਹਰਿ ਨਾਮਾ ॥ ਤਿਨ ਦਾਸਨਿ ਦਾਸ ਕਰਹੁ ਹਮ ਰਾਮਾ ॥ ਜਨ ਕੀ ਸੇਵਾ ਉਤਮ ਕਾਮਾ ॥੨॥ ਜੋ ਹਰਿ ਕੀ ਹਰਿ ਕਥਾ ਸੁਣਾਵੈ ॥ ਸੋ ਜਨੁ ਹਮਰੈ ਮਨਿ ਚਿਤਿ ਭਾਵੈ ॥ ਜਨ ਪਗ ਰੇਣੁ ਵਡਭਾਗੀ ਪਾਵੈ ॥੩॥ ਸੰਤ ਜਨਾ ਸਿਉ ਪ੍ਰੀਤਿ ਬਨਿ ਆਈ ॥ ਜਿਨ ਕਉ ਲਿਖਤੁ ਲਿਖਿਆ ਧੁਰਿ ਪਾਈ ॥ ਤੇ ਜਨ ਨਾਨਕ ਨਾਮਿ ਸਮਾਈ ॥੪॥੨॥੪੦॥ {ਪੰਨਾ 164}

ਭਾਵ ਅਰਥ:-
ਇਹ ਬਾਣੀ ਉਸ ਨਿਰਗੁਣ ਸਰੂਪ ਹਰਿ ਪ੍ਰਭੂ ਦੀ ਬਾਣੀ ਹੈ, ਜਿਹੜਾ ਸਾਡੀਆਂ ਇੰਦਰੀਆਂ ਦੀ ਪਹੁੰਚ ਵਿੱਚ ਨਹੀਂ ਆਉਂਦਾ।
ਹੇ ਬੰਦਿਆ !ਜੇ ਤੂੰ ਸਾਧ ਸੰਗਤ ਕਰੇਂਗਾ ਤੇ ਉਸ ਅਕੱਥ ਪ੍ਰਭੂ ਦੀ (ਨਾ ਸੰਪੂਰਨ ਕਹੇ ਜਾਣ ਵਾਲੇ ਦਾਤੇ ਬਾਰੇ) ਭਜਨ ਬੰਦਗੀ ਕਥਾ ਵਿਚਾਰ ਸੁਣੇਂਗਾ, ਤਾਂ ਇਸ ਮੁਸ਼ਕਿਲ ਸੰਸਾਰ ਯਾਤਰਾ ਨੂੰ ਵੀ ਪਾਰ ਕਰ ਜਾਏਂਗਾ॥੧॥
ਉਹ ਕਰਤਾਰ ਪ੍ਰਭੂ ਆਪ ਹੀ ਸੱਚੇ ਗੁਰੂਆਂ ਨਾਲ ਮੇਲ ਮਿਲਾਪ ਕਰਾਉਂਦਾ ਹੈ, ਜਿਨਾਂ ਨਾਲ ਰਚ ਕੇ ਹਰੀ ਪ੍ਰਭੂ ਦੇ ਗੁਣ ਗਾਏ ਜਾਂਦੇ ਹਨ॥੧॥ ਰਹਾਉ॥
ਗੁਰੂ ਰਾਮਦਾਸ ਜੀ ਮਹਾਰਾਜ ਕਹਿੰਦੇ ਹਨ ਕਿ ਜਿਹੜਾ ਗੁਰੂ ਦੀ ਸੰਗਤ ਵਿੱਚ ਬੈਠ ਕੇ ਹਰੀ ਪ੍ਰਭੂ ਦਾ ਨਾਮ ਜਪਦਾ ਹੈ ,ਲਿਵ ਲਾਉਂਦਾ ਹੈ, ਮੈਂ ਉਹਦੇ ਦਾਸਾਂ ਦਾ ਦਾਸ ਬਣਨ ਨੂੰ ਤਿਆਰ ਹਾਂ, ਕਿਉਂਕਿ ਮਨੁੱਖ ਦੀ ਸੇਵਾ ਸਭ ਤੋਂ ਵੱਡਾ ਕਰਮ ਹੈ॥੨॥
ਉਹ ਮਨੁੱਖ ਜੋ ਗੋਬਿੰਦ ਪ੍ਰਭੂ ਦੀ ਵਿਚਾਰ ਚਰਚਾ ਕਰਦਾ ਹੈ, ਉਹਦੇ ਗੁਣ ਗਾਉਂਦਾ ਹੈ, ਉਹੀ ਮੇਰੇ ਮਨ ਨੂੰ ਚੰਗਾ ਲੱਗਦਾ ਹੈ, ਤੇ ਅਜਿਹਾ ਮਨੁੱਖ ਹੀ ਵੱਡੇ ਭਾਗਾਂ ਅਨੁਸਾਰ ਪ੍ਰਭੂ ਪਰਮਾਤਮਾ ਦੇ ਸੁੰਦਰ ਚਰਨ ਕਮਲਾਂ ਵਿੱਚ ਵਾਸਾ ਪਾਉਂਦਾ ਹੈ॥੩॥
ਸਾਧੂ ਸੰਗਤਾਂ ਨਾਲ ਮੇਲ ਮਿਲਾਪ ਪ੍ਰੇਮ ਪਿਆਰ ਤਾਂ ਹੀ ਬਣਦਾ ਹੈ ਜੇ ਧੁਰੋਂ ਮੁਕਦਰ ਵਿੱਚ ਲਿਖਿਆ ਹੋਵੇ। ਹੇ ਨਾਨਕ ! ਉਹੀ ਲੋਕ ਫਿਰ ਪ੍ਰਭੂ ਨਾਮ ਰੰਗ ਵਿੱਚ ਰੰਗੇ ਜਾਂਦੇ ਹਨ॥੪॥

ਗਉੜੀ ਗੁਆਰੇਰੀ ਮਹਲਾ ੪ ॥
ਮਾਤਾ ਪ੍ਰੀਤਿ ਕਰੇ ਪੁਤੁ ਖਾਇ ॥ ਮੀਨੇ ਪ੍ਰੀਤਿ ਭਈ ਜਲਿ ਨਾਇ ॥ ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ ॥੧॥ ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ ॥ ਜਿਨ ਮਿਲਿਆ ਦੁਖ ਜਾਹਿ ਹਮਾਰੇ ॥੧॥ ਰਹਾਉ ॥ ਜਿਉ ਮਿਲਿ ਬਛਰੇ ਗਊ ਪ੍ਰੀਤਿ ਲਗਾਵੈ ॥ ਕਾਮਨਿ ਪ੍ਰੀਤਿ ਜਾ ਪਿਰੁ ਘਰਿ ਆਵੈ ॥ ਹਰਿ ਜਨ ਪ੍ਰੀਤਿ ਜਾ ਹਰਿ ਜਸੁ ਗਾਵੈ ॥੨॥ ਸਾਰਿੰਗ ਪ੍ਰੀਤਿ ਬਸੈ ਜਲ ਧਾਰਾ ॥ ਨਰਪਤਿ ਪ੍ਰੀਤਿ ਮਾਇਆ ਦੇਖਿ ਪਸਾਰਾ ॥ ਹਰਿ ਜਨ ਪ੍ਰੀਤਿ ਜਪੈ ਨਿਰੰਕਾਰਾ ॥੩॥ ਨਰ ਪ੍ਰਾਣੀ ਪ੍ਰੀਤਿ ਮਾਇਆ ਧਨੁ ਖਾਟੇ ॥ ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ ॥ ਜਨ ਨਾਨਕ ਪ੍ਰੀਤਿ ਸਾਧ ਪਗ ਚਾਟੇ ॥੪॥੩॥੪੧॥ {ਪੰਨਾ 164}

ਭਾਵ ਅਰਥ:-
ਮਾਤਾ ਬੱਚੇ ਦੇ ਪ੍ਰੇਮ ਕਾਰਨ ਕਮਾਈ ਕਰਕੇ ਉਸ ਦੀ ਪਾਲਣਾ ਕਰਦੀ ਹੈ ,ਮੱਛੀ ਨੂੰ ਪਾਣੀ ਨਾਲ ਕੋਈ ਮੋਹ ਨਹੀਂ।(ਉਹ ਵੀ ਆਪਣੇ ਬੱਚੇ ਦੀ ਦੇਖਭਾਲ ਹੀ ਕਰਦੀ ਹੈ) ਦੂਜੇ ਪਾਸੇ ਗੁਰਮੁਖ ਨੂੰ ਗੁਰੂ ਨਾਲ ਪ੍ਰੀਤ ਹੈ॥੧॥
ਤੇ ਉਹ ਗੁਰੂ ਪ੍ਰਭੂ ਨਾਲ, ਜੀਵ ਨੂੰ ਮਿਲਾ ਦਿੰਦਾ ਹੈ, ਜਿਸ ਦੇ ਮਿਲਾਪ ਨਾਲ ਸਾਰੇ ਹੀ ਜੀਵਨ ਦੇ ਦੁਖ ਦਰਦ ਦੂਰ ਹੋ ਜਾਂਦੇ ਹਨ॥੧॥ ਰਹਾਉ॥
ਇਹ ਪ੍ਰੀਤ ਪ੍ਰੇਮ ਇਸ ਤਰਾਂ ਦੀ ਹੁੰਦੀ ਹੈ ਜਿਵੇਂ ਇਕ ਗਊ ਤੇ ਵੱਛੇ ਵਿਚਕਾਰ ਹੁੰਦਾ ਹੈ ਅਤੇ ਕਾਮਨਾ ਭਰੀ ਇਸਤਰੀ ਆਪਣੇ ਪ੍ਰੀਤਮ ਦੇ ਘਰ ਆਇਆਂ ਉਸ ਨਾਲ ਪ੍ਰੇਮ ਕਰਦੀ ਹੈ। ਇਸੇ ਤਰ੍ਹਾਂ ਉਹ ਮਨੁੱਖ, ਜਿਹਦਾ ਹਿਰਦਾ ਪ੍ਰਭੂ ਨਾਲ ਜੁੜਿਆ ਹੋਇਆ ਹੈ ਉਹ ਉਸ ਦੇ ਗੁਣ ਗਾਣ ਕਰਦਾ ਹੈ॥੨॥
ਉਸ ਹਰੀ ਪ੍ਰਭੂ ਦੀ ਪ੍ਰੀਤ ਪ੍ਰੇਮ ਪਿਆਰ ਆਮ ਜਨ ਵਾਸਤੇ ਖੁੱਲੇ ਜਲ ਦੀ ਧਾਰਾ ਦੀ ਤਰਾਂ ਵਗਦਾ ਹੈ, ਪਰ (ਅਫਸੋਸ) ਕਿ ਪ੍ਰਾਣੀ ਦੂਜੇ ਭਾਵਾਂ ਵਿੱਚ ਰੰਗਿਆ ਹੋਇਆ ਹੈ। ਫਿਰ ਵੀ ਜਿਹੜੇ ਨਿਰੰਕਾਰ ਪ੍ਰਭੂ ਦਾ ਅਦਬ ਸਤਿਕਾਰ ਕਰਦੇ ਹਨ, ਉਸ ਨਾਲ ਪ੍ਰੇਮ ਪਿਆਰ ਰੱਖਦੇ ਹਨ, ਉਸ ਦਿਨ ਰਾਤ ਉਸ ਦਾ ਨਾਮ ਜਪਦੇ ਹਨ॥੩॥
ਮਾਇਆ ਨਾਲ ਮੋਹ ਕਰਨ ਵਾਲਾ ਬੰਦਾ ਮਾਇਆ ਹੀ ਇਕੱਠੀ ਕਰਦਾ ਹੈ ਜਦ ਕਿ ਗੁਰੂ ਦੀ ਸਿੱਖਿਆ ਗ੍ਰਹਿਣ ਕਰਨ ਵਾਲਾ ਪ੍ਰਭੂ ਪ੍ਰੀਤਮ ਦੀ ਗਲਵਕੜੀ ਨੂੰ ਹਾਸਲ ਕਰਦਾ ਹੈ। ਹੇ ਨਾਨਕ !ਜਿਸ ਪ੍ਰਾਣੀ ਨੂੰ ਉਸ ਹਰੀ ਪ੍ਰਭੂ ਨਾਲ ਲਗਾਵ ਹੈ, ਸ਼ਰਧਾ ਹੈ, ਪ੍ਰੇਮ ਹੈ ਓਹੋ ਉਸਦੇ ਚਰਨ ਕਮਲਾਂ ਨੂੰ ਵੀ ਚੁੰਮਦਾ ਹੈ॥੪॥

ਗਉੜੀ ਗੁਆਰੇਰੀ ਮਹਲਾ ੪ ॥
ਭੀਖਕ ਪ੍ਰੀਤਿ ਭੀਖ ਪ੍ਰਭ ਪਾਇ ॥ ਭੂਖੇ ਪ੍ਰੀਤਿ ਹੋਵੈ ਅੰਨੁ ਖਾਇ ॥ ਗੁਰਸਿਖ ਪ੍ਰੀਤਿ ਗੁਰ ਮਿਲਿ ਆਘਾਇ ॥੧॥ ਹਰਿ ਦਰਸਨੁ ਦੇਹੁ ਹਰਿ ਆਸ ਤੁਮਾਰੀ ॥ ਕਰਿ ਕਿਰਪਾ ਲੋਚ ਪੂਰਿ ਹਮਾਰੀ ॥੧॥ ਰਹਾਉ ॥ ਚਕਵੀ ਪ੍ਰੀਤਿ ਸੂਰਜੁ ਮੁਖਿ ਲਾਗੈ ॥ ਮਿਲੈ ਪਿਆਰੇ ਸਭ ਦੁਖ ਤਿਆਗੈ ॥ ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਗੈ ॥੨॥ ਬਛਰੇ ਪ੍ਰੀਤਿ ਖੀਰੁ ਮੁਖਿ ਖਾਇ ॥ ਹਿਰਦੈ ਬਿਗਸੈ ਦੇਖੈ ਮਾਇ ॥ ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਇ ॥੩॥ ਹੋਰੁ ਸਭ ਪ੍ਰੀਤਿ ਮਾਇਆ ਮੋਹੁ ਕਾਚਾ ॥ ਬਿਨਸਿ ਜਾਇ ਕੂਰਾ ਕਚੁ ਪਾਚਾ ॥ ਜਨ ਨਾਨਕ ਪ੍ਰੀਤਿ ਤ੍ਰਿਪਤਿ ਗੁਰੁ ਸਾਚਾ ॥੪॥੪॥੪੨॥ {ਪੰਨਾ 164}

ਭਾਵ ਅਰਥ:-
ਹੇ ਬੰਦੇ ਜੇ ਤੂੰ ਉਸ ਦਾਤੇ ਕੋਲੋਂ ਭਿਖਾਰੀ ਬਣ ਕੇ ਭੀਖ ਮੰਗੇਂ ਤਾਂ ਉਹ ਤੇਰੀਆਂ ਸਾਰੀਆਂ ਭੁੱਖਾਂ ਮਿਟਾ ਦੇਵੇਗਾ, ਪਰ ਗੁਰੂ ਦੇ ਸਿੱਖ ਨੂੰ ਗੁਰੂ ਦੇ ਸਾਥ ਦੀ ਭੁੱਖ ਹੈ, ਉਹ ਉਸ ਦੇ ਮਿਲਾਪ ਨਾਲ ਹੀ ਰੱਜ ਸਕਦਾ ਹੈ॥੧॥
ਹੇ ਮੇਰੇ ਵਾਹਿਗੁਰੂ! ਹੇ ਮੇਰੇ ਸੱਚੇ ਕਰਤਾਰ! ਹੇ ਮੇਰੇ ਸਾਰੰਗਪਾਣੀ, ਮੇਰੇ ਮਨ ਵਿੱਚ ਤੇਰੇ ਦਰਸ਼ਨ ਦੀ ਤਾਂਘ ਬਹੁਤ ਤੀਬਰ ਹੈ, ਕਿਰਪਾ ਕਰ ਤੇ ਮੇਰੀ ਇਹ ਲੋਚਾ ਪੂਰੀ ਕਰ ਦਿਓ॥੧॥ ਰਹਾਉ॥
ਇਹ ਉਸ ਤਰ੍ਹਾਂ ਹੈ ਜਿਵੇਂ ਇਕ ਚਕਵੀ ਨੂੰ ਸੂਰਜ ਦੇ ਦਰਸ਼ਨਾਂ ਦੀ ਪਿਆਸ ਹੁੰਦੀ ਹੈ ਅਤੇ ਉਸ ਦੇ ਦਰਸ਼ਨ ਹੋ ਜਾਣ ਨਾਲ ਉਸ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਗੁਰਮੁਖਿ ਨੂੰ ਗੁਰੂ ਦੇ ਮਿਲਾਪ ਦੀ ਭੁੱਖ ਲੱਗੀ ਹੋਈ ਹੈ॥੨॥
ਵੱਛੇ ਨੂੰ ਗਾਂ ਦੇ ਦੁੱਧ ਦੀ ਭੁੱਖ ਹੁੰਦੀ ਹੈ, ਉਸ ਦਾ ਹਿਰਦਾ ਆਪਣੀ ਮਾਂ ਨੂੰ ਦੇਖ ਕੇ ਅਨੰਦਿਤ ਹੋ ਉੱਠਦਾ ਹੈ, ਇਸੇ ਤਰ੍ਹਾਂ ਹੀ ਗੁਰੂ ਦਾ ਸਿੱਖ ਵੀ ਗੁਰੂ ਦੇ ਦਰਸ਼ਨ ਪਾ ਕੇ, ਗੁਰੂ ਦਾ ਸਾਥ ਪਾ ਕੇ ਖੁਸ਼ੀ ਨਾਲ ਝੂਮ ਉੱਠਦਾ ਹੈ॥੩॥
ਬਾਕੀ ਸਾਰੇ ਪ੍ਰੇਮ ਪਿਆਰ ਪ੍ਰੀਤ ਮਾਇਆ ਨਾਲ ਬੱਧੇ ਹੋਏ ਹਨ ਤੇ ਕੱਚੇ ਹਨ। ਇਹ ਸਾਰਾ ਕੁਝ ਇੱਕ ਦਿਨ ਖਤਮ ਹੋ ਜਾਣਾ ਹੈ। ਹੇ ਨਾਨਕ !ਸੱਚੇ ਗੁਰੂ ਦੀ ਪ੍ਰੀਤ ਨੇ ਸਦਾ ਲਈ ਭਾਵਨਾਵਾਂ, ਇੱਛਾਵਾਂ ਨੂੰ ਖਤਮ ਕਰਕੇ ਬੰਦੇ ਦੀ ਭੁੱਖ ਨੂੰ ਮਾਰ ਦੇਣਾ ਹੈ॥੪॥



ਨਰੇਸ਼ ਕੁਮਾਰੀ
ਨਿਊਜ਼ੀਲੈਂਡ
+642041755894

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

## SANJHI SOCH TV & DAILY NEWSPAPER



# TO EXPAND YOUR BUSINESS IN INDIAN COMMUNITY

Through Newspaper & T.V, Advertise with us just as low as **$100 PER MONTH.**

**Call +1 (209) 303-1260**

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ਼ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com Sanjhi Soch TV NRI

# ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

ਸੰਪਰਕ: +1 (209) 303-1260